RNI Registration No: PUNPUN/2015/61118

SO KAHIYAT HAI SOORA (MONTHLY)
Volume 8 Issue 11
November 2022, S.A.S. Nagar (Mohali)

ਨਵੰਬਰ 2022
ਕੱਤਕ-ਮੱਘਰ
੫੫੪ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ



## ਸੰਗੀਤ-ਰਸ ਅਤੇ ਕੀਰਤਨ-ਰਸ

"ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰੱਥ ਹੈ।
ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਨਾ ਨਹੀਂ ਦਿੱਤੀ ਜਾ ਸਕਦੀ।"

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਸੰਗੀਤ-ਰਸ ਅਤੇ ਕੀਰਤਨ-ਰਸ

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ-ਰਸ ਅਰਥਾਤ ਗਾਇਨ-ਰਸ ਭਾਵੇਂ ਕਿੰਨਾ ਹੀ ਉਚਾ ਹੋਵੇ, ਫੇਰ ਭੀ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉਚਾ ਰਸ ਹੈ, ਪਰ ਹੈ ਤਾਂ ਸਰੀਰਕ ਵਸ਼ੈਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਕਾ ਗਤੰਤਰੀ ਰਸਾਂ ਵਾਲਾ ਸੰਗੀਤ ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ। ਸਥੂਲ ਰਸਾਂ ਤੋਂ ਉਚਿਆ ਸੱਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ ਰਸ ਹੈ, ਸੰਗੀਤ ਰਸ ਨਹੀਂ।

# SO KAHIYAT HAI SOORA
(Monthly)

**RNI NO: PUNPUN/2015/61118**

Volume 8 Issue 11



### ਸਰਪ੍ਰਸਤ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।**

### ਕਾਰਜਕਾਰੀ ਸੰਪਾਦਕ

**ਭਾਈ ਮਨਵੀਰ ਸਿੰਘ**

### ਕਾਨੂੰਨੀ ਸਲਾਹਕਾਰ

**ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ**

### ਸਲਾਹਕਾਰ ਬੋਰਡ

**ਭਾਈ ਹਰਦਿਆਲ ਸਿੰਘ ਗੁਰਦਾਸਪੁਰ,**
**ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,**
**ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,**
**ਭਾਈ ਇੰਦਰਜੀਤ ਸਿੰਘ ਵੈਨਕੂਵਰ।**



ਮੁੱਖ ਦਫ਼ਤਰ
**ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)**
**ਪਿੰਨ : 160059**
**ਫ਼ੋਨ ਨੰਬਰ : 93177-53202**
**e-mail : akjmagzine@yahoo.com**



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR


# ਸੰਪਾਦਕੀ

## ਧਰਮ ਹੇਤਿ ਸਾਕਾ ਜਿਨਿ ਕੀਆ

ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਸਿੱਖ ਧਰਮ ਪ੍ਰਗਟ ਕੀਤਾ ਤਾਂ ਸਿੱਖੀ ਮਹਿਲ ਦੀ ਪਹਿਲੀ ਇੱਟ ਕੁਰਬਾਨੀ ਦੀ ਹੀ ਰੱਖੀ। ਧਰਮ ਪ੍ਰਤੀ ਕੁਰਬਾਨੀ ਤੇ ਸ਼ਹਾਦਤ ਦਾ ਸੰਕਲਪ ਉਨ੍ਹਾਂ ਨੇ ਹੀ ਰੌਸ਼ਨ ਕੀਤਾ। ਸ਼ਹੀਦੀ ਦੇ ਇਤਿਹਾਸ ਵਿਚ ਸਿੱਖ ਕੌਮ ਦਾ ਸਥਾਨ ਬਹੁਤ ਉੱਚਾ ਤੇ ਮਹਾਨ ਹੈ। ਪੰਜਵੇਂ ਤੇ ਨੌਵੇਂ ਜਾਮੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ; ਭਾਵ ਦਾਦੇ ਤੇ ਪੋਤਰੇ ਨੇ ਆਪ ਸ਼ਹੀਦੀਆਂ ਦੇ ਕੇ ਸ਼ਹੀਦੀ-ਪਰੰਪਰਾ ਦਾ ਆਰੰਭ ਕੀਤਾ। ਉਸ ਸਮੇਂ ਤੋਂ ਹੁਣ ਤੱਕ ਲੱਖਾਂ ਹੀ ਸਿੱਖ ਤਲੀ ’ਤੇ ਸੀਸ ਧਰ ਕੌਮੀ ਅਣਖ ਤੇ ਆਜ਼ਾਦੀ, ਇਨਸਾਫ, ਹੱਕ, ਸੱਚ ਤੇ ਧਰਮ ਲਈ ਜੂਝੇ ਤੇ ਸ਼ਹੀਦ ਹੋਏ ਹਨ। ਸ਼ਹੀਦੀ ਅਕਾਲ ਪੁਰਖ ਦੇ ਨੇੜੇ ਹੋਣ ਦਾ ਮੁਕਾਮ ਹੈ। ਸ਼ਹੀਦੀ ਨਿਡਰਤਾ ਦੀ ਨਿਸ਼ਾਨੀ ਹੈ। ਇਹ ਅਣਖ ਦਾ ਐਲਾਨਨਾਮਾ ਹੈ।

ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਸ਼ਮੀਰ ਵਿਚੋਂ ਆਏ ਪੰਡਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਔਰੰਗਜ਼ੇਬ ਦੀ ਹਕੂਮਤ ਵਲੋਂ ਜਬਰੀ ਧਰਮ ਤਬਦੀਲੀ ਕਰਾਉਣ ਦੀ ਅਤੇ ਦੁੱਖਾਂ ਦੀ ਲੰਬੀ ਦਾਸਤਾਨ ਸੁਣਾਈ ਤਾਂ ਉਦੋਂ ਗੁਰੂ ਪਾਤਿਸ਼ਾਹ ਜੀ ਨੇ ਉੱਤਰ ਦਿੱਤਾ ਕਿ ਕਿਸੇ ਮਹਾਂਪੁਰਖ ਦੀ ਸ਼ਹਾਦਤ ਨਾਲ ਹਕੂਮਤ ਦੇ ਅੱਤਿਆਚਾਰ ਰੁਕ ਜਾਣਗੇ ਤਾਂ ਉਥੇ ਖੜ੍ਹੇ ਨੌਂ ਸਾਲਾਂ ਦੇ ਬਾਲਕ ਸ੍ਰੀ (ਗੁਰੂ) ਗੋਬਿੰਦ ਰਾਏ (ਸਿੰਘ) ਜੀ ਨੇ ਸਹਿਜ-ਸੁਭਾਅ ਹੀ ਆਪਣੇ ਗੁਰੂ-ਪਿਤਾ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਗੁਰੂ ਪਿਤਾ ਜੀ ਤੁਹਾਡੇ ਨਾਲੋਂ ਵੱਡਾ ਸਤਿ-ਪੁਰਖ ਅਤੇ ਮਹਾਤਮਾ ਹੋਰ ਕੌਣ ਹੋ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸੇ ਸਮੇਂ ਕਸ਼ਮੀਰੀ ਪੰਡਤਾਂ ਨੂੰ ਕਹਿ ਦਿੱਤਾ ਕਿ ਉਹ ਬਾਦਸ਼ਾਹ ਨੂੰ ਜਾ ਕੇ ਦੱਸ ਦੇਣ ਕਿ ਉਨ੍ਹਾਂ ਦੇ ‘ਗੁਰੂ’ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਹਿਲਾਂ ਦੀਨ ਮੁਹੰਮਦੀ ਬਣਾਓ, ਜੇਕਰ ਉਹ ਮੁਸਲਮਾਨ ਬਣ ਗਏ ਤਾਂ ਫਿਰ ਆਪੇ ਅਸੀਂ ਸਾਰੇ ਹੀ ਮੁਸਲਮਾਨ ਬਣ ਜਾਵਾਂਗੇ। ਇਹ ਇਕ (ਅਗੰਮੀ) ਬਾਦਸ਼ਾਹ ਦੀ ਦੂਜੇ (ਦੁਨਿਆਵੀ) ਬਾਦਸ਼ਾਹ ਨੂੰ ਵੰਗਾਰ ਸੀ। ਔਰੰਗਜ਼ੇਬ ਨੂੰ ਲੱਗਿਆ ਕਿ ਹੁਣ ਤਾਂ ਸਿਰਫ ਇਕੋ ਹੀ ਬੰਦੇ ਨੂੰ ਇਸਲਾਮ ਦੇ ਦਾਇਰੇ ਵਿਚ ਲਿਆ ਕੇ ਸਾਰੇ ਹਿੰਦੁਸਤਾਨ ਨੂੰ ਦਾਰੁਲ ਇਸਲਾਮ ਦੇ ਝੰਡੇ ਥੱਲੇ ਲਿਆਉਣਾ ਬਹੁਤ ਹੀ ਸੌਖਾ ਕੰਮ ਹੋ ਗਿਆ ਹੈ । ਉਸ ਨੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰਦਿਆਂ ਗੁਰੂ ਸਾਹਿਬ ਦੀ ਚੁਣੌਤੀ ਪ੍ਰਵਾਨ ਕਰ ਲਈ। ਦਿੱਲੀ ਵਿਖੇ ਔਰੰਗਜ਼ੇਬ ਦੇ ਹੁਕਮ ਨਾਲ ਕਈ ਦਿਨ ਤਸੀਹੇ ਦੇਣ ਪਿੱਛੋਂ ੧੧ ਨਵੰਬਰ ੧੬੭੫ ਈਸਵੀ ਨੂੰ ਗੁਰੂ ਜੀ ਸ਼ਹੀਦ ਕੀਤੇ ਗਏ।

ਗੁਰੂ ਸਾਹਿਬ ਦੀ ਸ਼ਹਾਦਤ ਦਾ ਆਦਰਸ਼ ਜਿਥੇ ਮਾਨਵ-ਧਰਮ ਦੀ ਸੁਰੱਖਿਆ ਸੀ, ਉਥੇ ਸਮੂਹ ਮਨੁੱਖ ਜਾਤੀ ਦੇ ਵਿਚਾਰ-ਵਿਸ਼ਵਾਸ ਦੀ ਸੁਤੰਤਰਤਾ ਅਤੇ ਉਸ ਦੀ ਜ਼ਮੀਰ ਦੀ ਆਜ਼ਾਦੀ ਵਾਲੇ ਬੁਨਿਆਦੀ ਹੱਕਾਂ-ਅਧਿਕਾਰਾਂ ਦੀ ਬਰਕਰਾਰੀ ਵੀ ਸੀ। ਆਓ ! ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਸਮੇਂ ਗੁਰੂ ਸਾਹਿਬ ਵਲੋਂ ਧਰਮ ਦੀ ਆਜ਼ਾਦੀ ਲਈ ਦਿੱਤੀ ਮਹਾਨ ਕੁਰਬਾਨੀ ਨੂੰ ਸਿਰ ਝੁਕਾਉਂਦੇ ਹੋਏ, ਉਨ੍ਹਾਂ ਵਲੋਂ ਵਿਖਾਏ ਰਾਹ ਅਤੇ ਕਲਿਆਣਕਾਰੀ ਸਿੱਖਿਆਵਾਂ ਉੱਤੇ ਚੱਲਣ ਦੇ ਯਤਨ ਕਰੀਏ।


### ਬੇਨਤੀ

**ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।**

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੱਧ ਜਾਂ ਸਾਡੇ ਮੁੱਖ ਦਫ਼ਤਰ ’ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਅੰਕ : ੧੧ ਸਾਲ : ੮ ਨਵੰਬਰ ੨੦੨੨

ਕੱਤਕ-ਮੱਘਰ, ੫੫੪ ਨਾਨਕਸ਼ਾਹੀ

ਸੋ ਕਹੀਅਤ ਹੈ ਸੂਰਾ

ਨਿਰੋਲ ਧਾਰਮਿਕ ਮਾਸਿਕ ਪੱਤਰ



'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।

ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


## ਲੇਖਕਾਂ ਤੇ ਪਾਠਕਾਂ ਲਈ

- ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
- ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
- ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
- ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> "ਚਿੱਟੇ ਦਾਹੜੇ ਵਾਲਾ ਬਾਬਾ ਨਾਨਕ ਇਕ ਅਦਿੱਖ ਤਰੀਕੇ ਨਾਲ ਗੁਰੂ ਗ੍ਰੰਥ ਜੀ ਦੇ ਸ਼ਬਦਾਂ ਅੰਦਰ ਬਿਰਾਜਮਾਨ ਹੈ, ਜਿਹੜੇ ਕਿ ਇਕ ਰੱਬੀ ਡਿਜ਼ਾਈਨ ਵਿਚ- ਇਕ ਅਜਿਹੀ ਲੜੀ ਵਿਚ ਪਰੋਤੇ ਹੋਏ ਹਨ ਕਿ ਇਸ ਸਮੁੱਚੇ ਸ਼ਬਦਾਂ ਦਾ ਸਮੂਹ ਇਕ ਸ਼ਰਧਾਵਾਨ ਸਿਖ ਨੂੰ ਨਿਰੰਕਾਰੀ ਨਾਨਕ ਦਾ ਸਾਮਰਤਖ ਰੂਪ ਦਿੱਸਦਾ ਹੈ। ਬਾਬਾ ਨਾਨਕ ਹਰ ਵੇਲੇ ਸਾਡੇ ਨਾਲ ਹੈ। ਮੈਂ ਜਿਥੇ ਵੀ ਜਾਂਦਾ ਹਾਂ, ਬਾਬਾ ਨਾਨਕ ਮੇਰੇ ਅੰਗ ਸੰਗ ਹੈ।
>
> ਪ੍ਰੋ. ਪੂਰਨ ਸਿੰਘ ਜੀ


ਗੁਰਮਤਿ ਗੌਰਵਤਾ-੬੭ 06
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸੰਤ ਗੁਰੂ-ਗੁਰੂ ਨਾਨਕ 09
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤਿ ਉੱਚ ਮਰਤਬਾ 11
ਭਾਈ ਕੁਲਬੀਰ ਸਿੰਘ, ਟੋਰਾਂਟੋ

ਗੁਰਮੰਤ੍ਰ ਅਤੇ ਗੁਰਬਾਣੀ 15
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਨਾਨਕ ਪੀਰ-੧ 18
ਪ੍ਰਿੰਸੀਪਲ ਗੁਰਮੁਖ ਸਿੰਘ, ਪਟਿਆਲਾ

ਹਰਿ ਕੀਰਤਨ ਕੀ ਹੈ ? 20
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਅਖੰਡ ਕੀਰਤਨ ਤੇ ਗੁਰਮੰਤਰ ਦੀ ਧੁਨੀ 26
ਤਲਵਿੰਦਰ ਸਿੰਘ ਬੁੱਟਰ

ਸ੍ਰੀ ਗੁਰੂ ਨਾਨਕ ਦੇਵ ਜੀ 30
ਗੁਰਜੀਤ ਕੌਰ

**ਸਲੋਕੁ ਮ: ੩ ॥**
**ਕਾਇਆਹੰਸਕਿਆਪ੍ਰੀਤਿਹੈਜਿਪਇਆਹੀਛਡਿਜਾਇ ॥**
**ਏਸਨੋਕੂੜੁਬੋਲਿਕਿਖਵਾਲੀਐਜਿਚਲਦਿਆਨਾਲਿਨਜਾਇ ॥**
**ਕਾਇਆਮਿਟੀਅੰਧੁਹੈਪਉਣੈਪੁਛਹੁਜਾਇ ॥**
**ਹਉਤਾਮਾਇਆਮੋਹਿਆਫਿਰਿਫਿਰਿਆਵਾਜਾਇ ॥**
**ਨਾਨਕਹੁਕਮੁਨਜਾਤੋਖਸਮਕਾਜਿਰਹਾਸਚਿਸਮਾਇ ॥੧ ॥**
**(ਗੂਜਰੀ ਕੀ ਵਾਰ ਮਹਲਾ ੩, ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ, ਅੰਗ: ੫੧੦)**

# ਅਰਥ ਵਿਚਾਰ

ਦੇਹੀ ਅਤੇ ਹੰਸ (ਜੀਵ ਆਤਮਾ) ਦੀ ਕੈਸੀ ਪ੍ਰੀਤ ਹੈ ਜੇ ਵਿਚੇ ਹੀ ਹੰਸ (ਦੇਹੀ ਨੂੰ) ਛੱਡ ਜਾਂਦਾ ਹੈ। ਇਸ ਨੂੰ ਕੂੜ ਬੋਲ ਕੇ (ਭਾਵ ਠੱਗੀ ਕਰਕੇ) ਕਿਉਂ ਖਵਾਇਆ ਜਾਏ ਜੇਕਰ ਇਸ (ਦੇਹੀ) ਨੇ (ਹੰਸ ਦੇ) ਨਾਲ ਨਹੀਂ ਜਾਣਾ ? ਕਾਇਆਂ ਤਾਂ ਮਿੱਟੀ ਦੀ ਬਣੀ ਹੋਈ ਜੜ੍ਹ (ਅੰਧ) ਵਸਤੂ ਹੈ, ਭਾਵੇਂ ਪਉਣ (ਜੋ ਸਵਾਸ ਦੇ ਰੂਪ ਵਿਚ ਦੇਹੀ ਵਿਚ ਚੱਲਦੀ ਹੈ) ਨੂੰ ਪੁੱਛ ਲਵੋ। ਮੈਂ ਤਾਂ ਮਾਇਆ ਦਾ ਮੋਹਿਆ ਹੋਇਆ ਹਾਂ (ਜਿਸ ਕਰਕੇ) ਵਾਰ-ਵਾਰ ਆਉਂਦਾ ਜਾਂਦਾ ਹਾਂ। ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫ਼ਰਮਾਉਂਦੇ ਹਨ ਕਿ ਮੈਂ ਮਾਲਕ (ਖ਼ਸਮ) ਦਾ ਹੁਕਮ ਨਹੀਂ ਜਾਨਿਆ ਜਿਸ (ਹੁਕਮ ਦੇ ਬੁੱਝਣ ਨਾਲ ਮੈਂ) ਸੱਚ ਵਿਚ ਸਮਾਇਆ ਰਹਾਂ।

ਸ੍ਰੀ ਗੁਰੂ ਅਮਰਦਾਸ ਜੀ ਦੇ ਇਹ ਬਚਨ ਸਰਲ ਸ਼ਬਦਾਂ ਵਿਚ ਕਹੇ ਗਏ ਹਨ ਪਰ ਇਨ੍ਹਾਂ ਅੰਮ੍ਰਿਤ ਬਚਨਾਂ ਦੇ ਭਾਵ ਬਹੁਤ ਡੂੰਘੇ ਹਨ। ਜੀਵ ਆਤਮਾ, ਜਿਸ ਨੂੰ ਬਾਣੀ ਵਿਚ ਬਹੁਤ ਵਾਰੀ ਹੰਸ ਕਿਹਾ ਗਿਆ ਹੈ, ਇਸ ਕਾਇਆਂ ਵਿਚ ਰਹਿਣ ਕਰਕੇ ਅਤੇ ਮਾਇਆ ਦੇ ਗੂੜ੍ਹੇ ਪ੍ਰਭਾਵ ਕਰਕੇ ਆਪਣੇ ਅਸਲੇ ਨੂੰ ਭੁੱਲਿਆ ਹੋਇਆ ਹੈ, ਜਿਸ ਕਾਰਨ ਉਹ ਕਾਇਆਂ ਨਾਲ ਆਪਣੀ ਪ੍ਰੀਤ ਨੂੰ ਮੁਸਤਕਿਲ (ਸਥਿਰ) ਸਮਝਦਾ ਹੈ ਪਰ ਉਹ ਇਹ ਨਹੀਂ ਜਾਣਦਾ ਕਿ ਜਦੋਂ ਖ਼ਸਮ ਦਾ ਹੁਕਮ ਹੋਇਆ ਤਾਂ ਇਸ ਦੇਹੀ ਨੂੰ ਛੱਡ ਕੇ ਜਾਣਾ ਪੈਣਾ ਹੈ। ਹੁਣ ਹੰਸ ਤੇ ਕਾਇਆਂ ਦਾ ਐਨਾ ਪਿਆਰ ਹੈ ਕਿ ਹੰਸ ਨੂੰ ਇਹ ਵੀ ਭੁੱਲ ਗਿਆ ਹੈ ਕਿ ਕਾਇਆਂ ਉਸ ਤੋਂ ਅਲੱਗ ਚੀਜ਼ ਹੈ। ਹੰਸ ਕਮਲਾ ਹੋਇਆ ਆਪਣੇ ਆਪ ਨੂੰ ਦੇਹੀ ਹੀ ਸਮਝਦਾ ਹੈ ਪਰ ਜਦੋਂ ਇਨ੍ਹਾਂ ਦੀ ਪ੍ਰੀਤ ਟੁੱਟਦੀ ਹੈ ਤਾਂ ਬੜੇ ਕਹਿਰਾਂ ਨਾਲ ਟੁੱਟਦੀ ਹੈ। ਹੰਸ ਜਦੋਂ ਦੇਹੀ ਨੂੰ ਛੱਡ ਕੇ ਤੁਰਦਾ ਹੈ ਤਾਂ ਉਹ ਇਸ ਨਾਲ ਨਾ ਕੋਈ ਮਤਾ ਪਕਾਉਂਦਾ ਹੈ ਨਾ ਮਸਲਤਿ ਹੀ ਕਰਦਾ ਹੈ। ਜਦੋਂ ਖ਼ਸਮ ਦਾ ਹੁਕਮ ਆਉਂਦਾ ਹੈ, ਉਸੇ ਛਿਨ ਹੀ ਇਸ ਨੂੰ ਤੁਰਨਾ ਪੈਂਦਾ ਹੈ। ਕਾਇਆਂ ਹੰਸ ਦੇ ਵਿਜੋਗ ਵਿਚ ਕੁਮਲਾ ਜਾਂਦੀ ਹੈ, ਰੁਲ ਜਾਂਦੀ ਹੈ ਅਤੇ ਇਸ ਦੀ ਹਾਲਤ ਅਜਿਹੀ ਤਰਸਯੋਗ ਹੋ ਜਾਂਦੀ ਹੈ ਕਿ ਇਸ ਨੂੰ ਸਾੜਨਾ ਜਾਂ ਦਫ਼ਨਾਉਣਾ ਪੈਂਦਾ ਹੈ। ਲੋਕਾਂ ਦੀ ਦੀਦ ਦੇ ਇਹ ਕਾਬਲ ਨਹੀਂ ਰਹਿੰਦੀ, ਸੋ ਲੋਕ ਇਸ ਨੂੰ ਸਾੜ ਕੇ ਜਾਂ ਦਫ਼ਨਾ ਕੇ ਅੱਖੋਂ ਓਹਲੇ ਕਰ ਦਿੰਦੇ ਹਨ।

ਗੁਰੂ ਜੀ ਨੇ ਇਸ ਸਲੋਕ ਵਿਚ ਦੇਹੀ ਦੇ ਪਿਆਰ ਵਿਚ ਖੁੱਭੇ ਹੋਏ ਹੰਸ ਨੂੰ ਬਹੁਤ ਸਿੱਧਾ ਅਤੇ ਨੀਂਦ ਤੋਂ ਜਗਾਉਣ ਵਾਲਾ ਸਵਾਲ ਪੁੱਛਿਆ ਹੈ ਕਿ ਜੇਕਰ ਇਸ ਦੇਹੀ ਨੇ ਤੇਰੇ ਨਾਲ ਅੱਗੇ ਨਹੀਂ ਜਾਣਾ ਤਾਂ ਕਿਉਂ ਝੂਠ ਬੋਲ ਕੇ, ਭਾਵ ਠੱਗੀਆਂ ਕਰਕੇ ਇਸ ਦੇਹੀ ਨੂੰ ਪਾਲਦਾ ਹੈਂ ? ਇਸ ਸਵਾਲ ਵਿਚ ਗੁਰੂ ਜੀ ਨੇ ਮਾਨੋ ਗਿਆਨ ਦਾ ਸਮੁੰਦਰ ਬੰਦ ਕਰ ਦਿੱਤਾ ਹੈ। ਇਸ ਸਵਾਲ ਦਾ ਇਮਾਨਦਾਰੀ ਨਾਲ ਜਵਾਬ ਲੱਭਣ ਨਾਲ ਹੰਸ ਨੂੰ ਪਤਾ ਲੱਗ ਜਾਵੇਗਾ ਕਿ ਠੱਗੀਆਂ ਕਰਨ ਦੇ ਮਾੜੇ ਕਰਮ ਤਾਂ ਉਸ ਨੂੰ ਇਕੱਲੇ ਨੂੰ ਅੱਗੇ ਜਾ ਕੇ ਭੁਗਤਣੇ ਪੈਣੇ ਹਨ, ਦੇਹੀ ਜੋ ਕਿ ਅਸਲ ਵਿਚ ਜੜ੍ਹ ਹੈ, ਨੇ ਤਾਂ ਇੱਥੇ ਹੀ ਰਹਿ ਜਾਣਾ ਹੈ। ਜਿਸ ਹੰਸ ਵਿਚ ਪਰਮਾਰਥ ਦੀ ਅੰਸ ਮਾਤਰ ਵੀ ਹੋਵੇਗੀ, ਉਹ ਪਾਪਿਸ਼ਟ ਕਰਮ ਕਰਨ ਤੋਂ ਹਟ ਜਾਵੇਗਾ। ਕਾਇਆਂ ਨੂੰ ਅੰਧੀ ਅਤੇ ਮਿੱਟੀ ਕਹਿਣ ਦਾ ਭਾਵ ਇਹ ਹੈ ਕਿ ਇਹ ਕਾਇਆਂ ਹੰਸ ਵਾਂਗ ਸੁਰਤਿ ਵਾਲੀ ਨਹੀਂ ਹੈ ਬਲਕਿ ਜੜ੍ਹ ਵਸਤੂ ਹੈ। ਜੜ੍ਹ ਵਸਤੂ ਨਾਲ ਕਾਹਦੀ ਪ੍ਰੀਤ ? ਦੂਸਰੀ ਗੱਲ ਇਸ ਵਿਚੋਂ ਇਹ ਸਮਝ ਆਉਂਦੀ ਹੈ ਕਿ ਕਾਇਆਂ ਤੇ ਜੜ੍ਹ ਹੈ, ਸੋ ਉਹ ਤਾਂ ਭੋਗ ਵਿਲਾਸ ਨਹੀਂ ਮੰਗ ਸਕਦੀ। ਹੰਸ ਨੂੰ ਲੱਗਦਾ ਇਦਾਂ ਹੈ ਕਿ ਕਾਇਆਂ ਨੂੰ ਭੁੱਖ-ਤਿਖ ਵਿਆਪੀਆਂ ਹੋਈਆਂ ਹਨ ਪਰ ਅਸਲ ਵਿਚ ਇਦਾਂ ਕੇਵਲ ਅਗਿਆਨਤਾ ਕਰਕੇ ਹੀ ਜਾਪਦਾ ਹੈ। ਅਸਲ ਵਿਚ ਭੁੱਖ, ਤਿਖ, ਤ੍ਰਿਸ਼ਨਾ ਅਤੇ ਹੋਰ ਜੋ ਇਦਾਂ ਦੀਆਂ ਪਾਪ ਦੀਆਂ ਅੱਗਾਂ ਹਨ, ਉਹ ਹੰਸ ਨੂੰ ਚਿਬੜੀਆਂ ਹੋਈਆਂ ਹਨ ਨਾ ਕੇ ਕਾਇਆਂ ਨੂੰ। ਨਾਮ ਬਾਣੀ ਦੇ ਪ੍ਰਤਾਪ ਨਾਲ ਜਦੋਂ ਹੰਸ ਦੇ ਅੰਤਹਕਰਣ 'ਚੋਂ ਇਹ ਪਾਪ ਉਪਜਾਊ ਅੱਗਾਂ ਸ਼ਾਂਤ ਹੋ ਕੇ ਫ਼ਨਾਹ ਹੋ ਜਾਂਦੀਆਂ ਹਨ ਉਦੋਂ ਹੰਸ ਜੋਤਿ ਰੂਪ ਹੀ ਰਹਿ ਜਾਂਦਾ ਹੈ। ਇਸ ਅਵਸਥਾ ਵਿਚ ਪੁੱਜਣ ਤੋਂ ਬਾਅਦ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਹ ਅਵਸਥਾ ਕੇਵਲ ਗੁਰੂ ਨਾਨਕ-ਦਸਮੇਸ਼ ਜੀ ਦੇ ਦੁਆਰੇ ਦੇ ਭੀਖਕ ਬਣ ਕੇ ਨਾਮ ਭੀਖਿਆ ਪ੍ਰਾਪਤ ਕਰਕੇ ਹੀ ਬਣ ਆਉਂਦੀ ਹੈ। ਹੋਰ ਕਿਸੇ ਬਿਧ ਨਹੀਂ। ਫੀ-ਜ਼ਮਾਨਾ, ਅੰਮ੍ਰਿਤ ਛਕ ਕੇ, ਸ੍ਰੀ ਗੁਰੂ ਦਸਮੇਸ਼ ਜੀ ਦੀ ਮੁਕੰਮਲ ਰਹਿਤ ਦੇ ਧਾਰਨੀ ਬਣ ਕੇ, ਨਾਮ ਬਾਣੀ ਆਹਰ ਵਿਚ ਨਿਸ-ਦਿਨ ਲੱਗਣ ਨਾਲ ਸਦਾ-ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਜੀ ਸਾਡੇ 'ਤੇ ਕਿਰਪਾ ਕਰਨ ਅਤੇ ਇਹ ਅਵਸਥਾ ਬਖ਼ਸ਼ਣ। ਓਨੀ ਦੇਰ ਜ਼ਿੰਦਗੀ, ਜ਼ਿੰਦਗੀ ਨਹੀਂ ਬਲਕਿ ਸ਼ਰਮਿੰਦਗੀ ਹੈ। ਜ਼ਿੰਦਗੀ ਬੇ-ਬੰਦਗੀ ਸ਼ਰਮਿੰਦਗੀ ਹੈ।

## ਗੁਰਮਤਿ ਸੰਥਿਆ ਤੇ ਸਚੀਵੀ ਧਰਮ

### ਅਰਥਾਤ

# ਗੁਰਮਤਿ ਗੌਰਵਤਾ -੬੭

### ਜਿਸ ਵਿਚ

## ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)

### ੭੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ ਸੰਤੋਖੇ ਜੋਗੀ ਦੀ ਕਹਾਣੀ

**ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥**
**ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥**
**ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥**
**ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥**
**ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥**
**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥**
**ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥**
**(ਸਲੋਕ ਮ: ੨, ਸਾਰੰਗ ਕੀ ਵਾਰ, ਪੰਨਾ: ੧੨੪੩)**

ਬੇਦਾਂ ਨੇ ਜੋ ਮਨ-ਉਕਤ ਕਥਾ ਕਹਾਣੀਆਂ ਲਿਆਂਦੀਆਂ ਹਨ, ਇਹ ਮਨ-ਉਕਤ ਮਾਇਆ ਮਈ ਸੰਸਾਰਕ ਕਹਾਣੀਆਂ ਹੀ ਹਨ। ਵੇਦਾਂ ਦੀਆਂ ਦੱਸੀਆਂ ਕਥਾਵਾਂ ਤੇ ਕਹਾਣੀਆਂ ਵਿਚ ਤਾਂ ਸਿਰਫ਼ ਪਾਪ ਪੁੰਨ ਹੀ ਵੀਚਾਰਿਆ ਹੁੰਦਾ ਹੈ ਤੇ ਦੱਸਿਆ ਹੁੰਦਾ ਹੈ ਕਿ ਕਿਵੇਂ ਸੰਸਾਰਕ ਪ੍ਰਾਨੀ ਦਿੱਤੇ ਨੂੰ ਲੈਂਦੇ ਹਨ ਅਤੇ ਲਏ ਨੂੰ ਦੇਂਦੇ ਹਨ, ਅਤੇ ਕਿਵੇਂ ਕਰਮਾਂ ਅਨੁਸਾਰ ਤਿਨ੍ਹਾਂ ਨੂੰ ਨਰਕਾਂ ਸੁਰਗਾਂ ਵਿਚ ਵਾਸਾ ਮਿਲਦਾ ਹੈ ਤੇ ਨਾਲੇ ਇਨ੍ਹਾਂ ਦੇ ਪੜ੍ਹਨ ਨਾਲ ਲੋਕੀ ਉਚੀਆਂ ਤੇ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਨੀਵੀਆਂ ਜਾਤਾਂ ਤੇ ਕਿਸਮ ਕਿਸਮ ਦੇ ਭਰਮਾਂ ਵਿਚ ਭਟਕਦੇ ਰਹਿੰਦੇ ਹਨ। ਤਾਂ ਤੇ ਇਨ੍ਹਾਂ ਬੇਦਾਂ ਆਦਿਕ ਆਨਮਤ ਦੀਆਂ ਪੁਸਤਕਾਂ ਦੀਆਂ ਪੜ੍ਹਾਈਆਂ ਤੋਂ ਕੋਈ ਉਚੀ ਗੱਲ ਨਹੀਂ ਮਿਲਦੀ। ਦੂਜੇ ਪਾਸੇ ਇਹ ਕੇਵਲ ਗੁਰੂ ਦੀ ਅੰਮ੍ਰਿਤ ਬਾਣੀ ਹੀ ਹੈ ਜੋ ਤੱਤ-ਗੱਲ ਵਾਹਿਗੁਰੂ ਨਾਮ ਨੂੰ ਹੀ ਵਖਾਣਦੀ ਹੈ। ਕਿਉਂਕਿ ਇਹ ਧੁਰ ਕੀ ਬਾਣੀ ਹੈ, ਕੇਵਲ ਗੁਰੂ ਸਾਹਿਬ ਦੇ ਗਿਆਨ ਧਿਆਨ ਵਿਚ ਹੀ ਧੁਰੋਂ ਆਈ ਹੈ ਤੇ ਕੇਵਲ ਗੁਰੂ ਘਰ ਦੇ ਗੁਰਮੁਖਿ ਜਨਾਂ ਨੇ ਹੀ ਗੁਰਮਤਿ ਗੁਰ-ਦੀਖਿਆ ਲੈ ਕੇ ਵਖਾਨਣੀ ਹੈ (ਭਾਵ, ਗੁਰਮੁਖਾਂ ਦੇ ਵਖਾਨਣ ਵਿਚ ਹੀ ਆਉਂਦੀ ਹੈ) ਤੇ ਗੁਰਮੁਖਿ ਜਨਾਂ ਨੇ ਹੀ ਵਾਹਿਗੁਰੂ ਦੀ ਬਖ਼ਸ਼ਿਸ਼ ਨਦਰ ਦੁਆਰਾ ਇਸ ਧੁਰੋਂ ਆਈ ਬਾਨੀ ਨੂੰ ਧਿਆਇਆ ਹੈ। ਵਾਹਿਗੁਰੂ ਕਰਤਾ ਪੁਰਖ ਆਪਣੇ ਹੁਕਮ ਮਈ ਕਾਰ ਦੀ ਸਾਜਨਾ ਨੂੰ ਹੀ ਮੁਖ ਕਰਦਾ ਹੈ। ਜਿਨ੍ਹਾਂ ਜੰਤਾਂ ਉਪਰ ਵਾਹਿਗੁਰੂ ਨਿਹਾਲ ਹੁੰਦਾ ਹੈ ਅਤੇ ਆਪਣੀ ਨਦਰ ਨਦਰਾਉਂਦਾ ਹੈ, ਉਨ੍ਹਾਂ ਨੂੰ ਆਪਣੇ ਹੁਕਮ ਵਿਚ ਹੀ ਰਖਦਾ ਹੈ, ਅਤੇ ਹੁਕਮੈ ਅੰਦਰ ਹੀ ਵਰਤਦਾ ਵੇਖ ਕੇ ਵਿਗਸਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਪਹਿਲਾਂ ਜਗਿਆਸੂ ਜਨ ਦੀ ਹਉਮੈ ਟੁਟ ਜਾਵੇ ਤਾਂ ਫਿਰ ਉਸ ਦੀ ਘਾਲ-ਕਮਾਈ ਲੇਖੈ ਪੈਂਦੀ ਹੈ ਇਹ ਹਉਮੈ ਟੁਟਦੀ ਨਾਮ ਦੁਆਰਾ ਹੀ ਹੈ, ਹੋਰ ਕਿਸੇ ਬਿਧਿ ਨਹੀਂ ਟੁਟਦੀ।

**ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥**
**ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥**
**ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥**
**ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥**
**ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥**
**ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥੨॥**
**(ਮ: ੧, ਸਾਰੰਗ ਕੀ ਵਾਰ, ਪੰਨਾ: ੧੨੪੩)**

ਉਪਰ ਵਿਆਖਤ ਕੀਤੇ ਗੁਰਵਾਕ ਦਾ ਭਾਵ ਹੀ ਇਸ ਗੁਰਵਾਕ ਵਿਚ ਵਿਆਖਤ ਕੀਤਾ ਗਿਆ ਹੈ। ਯਥਾ ਵਿਆਖਿਆ-

ਹਿੰਦੂ ਧਰਮ ਦਾ ਪੁਸਤਕ ਬੇਦ ਪੁੰਨ ਪਾਪ ਹੀ ਪੁਕਾਰਦਾ ਹੈ, ਜੋ ਪੁੰਨ ਸੁਰਗ ਦਾ ਬੀਜ ਬੀਜਦਾ ਹੈ ਤੇ ਪਾਪ ਨਰਕ ਦਾ। ਇਸ ਬੇਦ ਦੇ ਭਾਵ ਅਨੁਸਾਰ ਜੋ ਪੁਰਸ਼ ਆਪਣੀ ਕਰਣੀ ਕਰਤੂਤ ਦੁਆਰਾ ਬੀਜਦਾ ਹੈ ਸੋਈ ਉਗਵਦਾ ਹੈ। ਜੋ ਕਰਮ-ਕਾਂਡੀ ਪੁਰਸ਼ ਇਸ ਦੇ ਫਲ ਨੂੰ ਖਾਂਦਾ ਹੈ ਉਸ ਦਾ ਜੀਅ (ਦਿਲ) ਹੀ ਜਾਣਦਾ ਹੈ। (ਜਿਹਾ ਸੁਆਦ ਉਹ ਚਖਦਾ ਹੈ)। ਕੇਵਲ ਵਾਹਿਗੁਰੂ ਦਾ ਨਾਮ ਹੀ

ਸੱਚਾ ਹੈ। ਗੁਰਮਤਿ ਅਨੁਸਾਰ ਇਹੀ, ਭਾਵ, ਗੁਰਮਤਿ ਨਾਮ ਹੀ ਸੱਚਾ ਪ੍ਰਚੰਡ ਗਿਆਨ ਹੈ। ਇਸ ਗੁਰਮਤਿ ਨਾਮ ਦੇ ਸਲਾਹਿਆਂ ਹੀ ਵਾਹਿਗੁਰੂ ਦੀ ਦਰਗਾਹ ਅੰਦਰ ਸੱਚੀ ਮਾਣ-ਵਡਿਆਈ ਪਾਉਂਦਾ ਹੈ, ਸਲਾਹੁਣਹਾਰਾ ਹੈ। ਇਹ ਗੁਰਮਤਿ ਨਾਮ ਹੀ ਸੱਚਾ ਬੀਜ ਹੈ, ਜੋ ਸੱਚੀ ਉਗਵਣੀ ਵਿਚ ਉਗਦਾ ਹੈ। ਇਸ ਵਾਹਿਗੁਰੂ ਦੇ ਨਾਮ ਦੇ ਜਪਿਆਂ ਵਾਹਿਗੁਰੂ ਦੀ ਦਰਗਾਹ ਵਿਖੇ ਸੱਚੀ ਥਾਉਂ ਪ੍ਰਾਪਤ ਹੁੰਦੀ ਹੈ। ਗੁਰਮਤਿ ਨਾਮ ਜਪਣ ਵਾਲਾ ਹੀ ਸੱਚਾ ਬੇਦ-ਬਪਾਰੀ ਹੈ। ਇਹ ਸੱਚਾ ਵਪਾਰ ਕਰਮਾਂ ਕਰਕੇ, ਵਾਹਿਗੁਰੂ ਦੀ ਨਦਰ ਬਖ਼ਸ਼ਿਸ਼ ਕਰਕੇ ਪੱਲੇ ਪੈਂਦਾ ਹੈ।

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਹੀ ਨਾਮ ਰੂਪੀ ਸੱਚੀ ਪੂੰਜੀ ਹੈ। ਇਸ ਰਾਸ ਪੂੰਜੀ ਨੂੰ ਹੀ ਲਦ ਕੇ ਜੋ ਲੈ ਜਾਂਦਾ ਹੈ ਤਿਸੇ ਨੂੰ ਹੀ ਵਾਹਿਗੁਰੂ ਦੀ ਦਰਗਾਹ ਅੰਦਰ ਸੱਚੀ ਮਾਣ-ਵਡਿਆਈ ਮਿਲਦੀ ਹੈ। ਏਸ ਸੱਚੀ ਰਾਸ ਪੂੰਜੀ ਬਾਝੋਂ ਹੋਰ ਸਭ ਰਾਸਾਂ ਤੇ ਪੂੰਜੀਆਂ ਕੂੜਾਵੀਆਂ ਹਨ। ਇਨ੍ਹਾਂ ਕੂੜਾਵੀਆਂ ਰਾਸਾਂ ਪੂੰਜੀਆਂ ਨੂੰ ਲਦ ਕੇ ਕੋਈ ਕੀ ਲੈ ਜਾਵੇਗਾ! ਕੂੜਾਵੀਆਂ ਰਾਸਾਂ ਪੂੰਜੀਆਂ ਨੂੰ ਲਦ ਕੇ ਲੈ ਜਾਣਾ ਬਿਰਥਾ ਹੀ ਹੈ, ਤੱਤ ਲਾਭ ਲਾਹਾ ਕੁਛ ਵੀ ਨਹੀਂ ਪ੍ਰਾਪਤ ਹੁੰਦਾ।

**ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥**
**ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥**
**ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥**
**(ਮਲਾਰ ਮਹਲਾ ੩ ਚਉਪਦੇ ਘਰੁ ੧, ਪੰਨਾ: ੧੨੫੭)**

ਬ੍ਰਹਮਾ ਬਿਸ਼ਨ ਮਹੇਸ਼ ਹਿੰਦੂਆਂ ਦੇ ਇਨ੍ਹਾਂ ਤਿੰਨਾਂ ਦੇਵਤਿਆਂ ਵਿਚੋਂ ਹਰੇਕ ਨੇ ਬੇਦਾਂ ਨੂੰ ਪੜ੍ਹ ਕੇ ਵਾਦ ਹੀ ਵਖਾਣਿਆ ਹੈ, ਕਿਉਂਕਿ ਵੇਦਾਂ ਅੰਦਰ ਸਿਵਾਏ ਤ੍ਰੈਗੁਣੀ ਮਾਇਆ ਦੇ ਝਗੜਿਆਂ ਦੇ ਹੋਰ ਕੁਛ ਹੈ ਹੀ ਨਹੀਂ। ਇਸ ਤ੍ਰੈਗੁਣੀ ਮਾਇਆ ਨੇ ਸਾਰਾ ਜਗਤ ਹੀ ਭੁਲਾ ਛਡਿਆ ਹੈ। ਜਨਮ ਮਰਨ ਦਾ ਸੰਸਾ ਤਿਨ੍ਹਾਂ ਦਾ ਮੁਕਦਾ ਹੀ ਨਹੀਂ। ਜਦ ਇਹ ਗੱਲ ਸੱਚ ਹੈ ਤਾਂ ਬ੍ਰਹਮਾ ਬਿਸ਼ਨ ਮਹੇਸ਼ ਦੇਵਤਿਆਂ ਦੇ ਪੁਜਾਰੀਆਂ ਦਾ ਸੰਸਾ ਕਦ ਮੁਕ ਸਕਦਾ ਹੈ। ਤਾਂ ਤੇ ਬੇਦਾਂ ਦੀ ਉਪਾਸ਼ਨਾ ਤੇ ਤਿੰਨਾਂ ਦੇਵਤਿਆਂ ਦੀ ਉਪਾਸ਼ਨਾ ਸਭ ਤ੍ਰੈਗੁਣੀ ਮਾਇਆ ਦੀ ਹੀ ਉਪਾਸ਼ਨਾ ਹੈ, ਜਿਸ ਵਿਚ ਪੈਣਾ ਬਿਰਥਾ ਹੈ। ਇਨ੍ਹਾਂ ਆਨਮਤੀ ਭਰਮ-ਭੇਖੀ ਉਪਾਸ਼ਨਾ ਵਾਲਿਆਂ ਦਾ ਸੰਸਾ ਕਦੇ ਮੁਕਦਾ ਹੀ ਨਹੀਂ। ਇਹ ਸੰਸਾ ਅੰਦੇਸਾ ਜਨਮ ਮਰਨ ਦਾ ਤਦੇ ਮੁਕਦਾ ਹੈ ਜੇ ਗੁਰੂ ਦੀ ਕਿਰਪਾ ਦੁਆਰਾ ਇਕੋ ਅਕਾਲ ਪੁਰਖ ਵਾਹਿਗੁਰੂ ਦੀ ਉਪਾਸ਼ਨਾ ਵਿਚ ਲਗਿਆ ਜਾਵੇ। ਇਕ ਅਕਾਲ ਪੁਰਖ ਵਾਹਿਗੁਰੂ ਦੀ ਉਪਾਸ਼ਨਾ ਕੇਵਲ ਗੁਰੂ ਸੱਚੇ ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ। ਉਹ ਸੱਚਾ ਵਾਹਿਗੁਰੂ ਗੁਰ ਨਾਨਕ ਦੇਵ ਹੀ ਹੈ। ਤਾਂ ਤੇ ਗੁਰੂ ਨਾਨਕ ਸਾਹਿਬ ਦੇ ਲੜ ਲਗੇ ਬਿਨਾਂ ਅਤੇ ਗੁਰੂ ਘਰ ਵਿਖੇ ਆ ਕੇ ਗੁਰ-ਦੀਖਿਆ ਲਏ ਬਿਨਾਂ ਵਾਹਿਗੁਰੂ ਅਕਾਲ ਪੁਰਖ ਦੀ ਭਾਉ-ਭਗਤੀ ਕਦੇ ਪ੍ਰਾਪਤ ਹੁੰਦੀ ਹੀ ਨਹੀਂ, ਨਾ ਕਦੇ ਕਿਸੇ ਦੀ ਹੋਈ ਹੈ ਨ ਹੋਵੇਗੀ। ਇਹ ਸੱਚੀ ਬੂਝ ਵਾਹਿਗੁਰੂ ਗੁਰਮਤਿ ਨਾਮ ਦੀ ਕੇਵਲ ਗੁਰੂ ਵਰੋਸਾਏ ਗੁਰਮੁਖਿ ਜਨਾਂ ਨੂੰ ਹੀ ਆਉਂਦੀ ਹੈ। ਆਨਮਤੀਆਂ ਤੇ ਆਨਮਤ ਦੇ ਉਪਾਸ਼ਕਾਂ ਨੂੰ ਕਦੇ ਵੀ ਨਹੀਂ ਆ ਸਕਦੀ, ਇਹ ਗੱਲ ਪੱਥਰ 'ਤੇ ਲਕੀਰ ਜਾਣੋ।

**ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥**
**ਅਨਦਿਨੁ ਏਕੋ ਨਾਮੁ ਵਖਾਣੈ ॥੩॥**
**ਅਨਦਿਨੁ ਹਰਿ ਗੁਣ ਗਾਵੈ ਸੋਇ ॥**
**ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥**
**(ਮਲਾਰ ਮਹਲਾ ੩ ਘਰੁ ੨, ਪੰਨਾ: ੧੨੬੧)**

ਸੱਚਾ ਪੰਡਿਤ ਸੋਈ ਹੈ ਜੋ ਬੇਦਾਂ ਸ਼ਾਸਤ੍ਰਾਂ ਦੇ ਦੱਸੇ ਹੋਏ ਤ੍ਰੈਗੁਣਾਂ ਦੀ ਪੰਡ ਨੂੰ ਉਤਾਰ ਕੇ ਲਾਂਭੇ ਧਰ ਦੇਂਦਾ ਹੈ। ਮਾਇਆ ਰੂਪੀ ਤਿਹਾਂ ਗੁਣਾਂ ਦੀ ਲੱਦ ਦਾ ਲਦਿਆ ਹੋਇਆ ਕਦੇ ਪੰਡਿਤ ਕਹਾ ਸਕਦਾ ਹੈ? ਕਦੇ ਨਹੀਂ। ਸੱਚਾ ਪੰਡਿਤ ਉਹ ਹੈ ਜੋ ਦਿਨੇ ਰਾਤ ਇਕੋ ਗੁਰਮਤਿ ਨਾਮ ਵਾਹਿਗੁਰੂ ਦੇ ਉਚਾਰਨ ਵਿਚ ਹੀ ਲਗਿਆ ਰਹਿੰਦਾ ਹੈ, ਜਿਸ ਦੇ ਮਨ ਤਨ ਹਿਰਦੇ ਅੰਦਰ ਨਾਮ ਹੀ ਪਰੋਇਆ ਰਹਿੰਦਾ ਹੈ। ਯਥਾ ਗੁਰਵਾਕ-

**ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ**
**ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥**
**(ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਪੰਨਾ: ੯੩੮)**

ਦਿਨੇ ਰਾਤ ਵਾਹਿਗੁਰੂ ਦੇ ਗੁਣ ਗਾਵਣਹਾਰਿਆਂ ਸਿਫ਼ਤ-ਸਲਾਹੀਆਂ ਨੂੰ ਸ਼ਾਸਤ੍ਰ ਬੇਦਾਂ ਦੇ ਪੜ੍ਹਨ ਦੀ ਉੱਕੀ ਹੀ ਲੋੜ ਨਹੀਂ ਰਹਿੰਦੀ। ਜਿਸ ਘਟ ਵਿਖੇ ਗੁਰਮਤਿ ਨਾਮ ਵਸਿਆ ਹੋਇਆ ਹੈ, ਉਥੇ ਬੇਦਾਂ ਸ਼ਾਸਤ੍ਰਾਂ ਦੀ ਕੂਕ ਪੁਕਾਰ ਨੇੜੇ ਨਹੀਂ

*ਬੇਦਾਂ ਨੇ ਜੋ ਮਨ-ਉਕਤ ਕਥਾ ਕਹਾਣੀਆਂ ਲਿਆਂਦੀਆਂ ਹਨ, ਇਹ ਮਨ-ਉਕਤ ਮਾਇਆ ਮਈ ਸੰਸਾਰਕ ਕਹਾਣੀਆਂ ਹੀ ਹਨ। ਵੇਦਾਂ ਦੀਆਂ ਦੱਸੀਆਂ ਕਥਾਵਾਂ ਤੇ ਕਹਾਣੀਆਂ ਵਿਚ ਤਾਂ ਸਿਰਫ਼ ਪਾਪ ਪੁੰਨ ਹੀ ਵੀਚਾਰਿਆ ਹੁੰਦਾ ਹੈ ਤੇ ਦੱਸਿਆ ਹੁੰਦਾ ਹੈ ਕਿ ਕਿਵੇਂ ਸੰਸਾਰਕ ਪ੍ਰਾਣੀ ਦਿੱਤੇ ਨੂੰ ਲੈਂਦੇ ਹਨ ਅਤੇ ਲਏ ਨੂੰ ਦੇਂਦੇ ਹਨ, ਅਤੇ ਕਿਵੇਂ ਕਰਮਾਂ ਅਨੁਸਾਰ ਤਿਨ੍ਹਾਂ ਨੂੰ ਨਰਕਾਂ ਸੁਰਗਾਂ ਵਿਚ ਵਾਸਾ ਮਿਲਦਾ ਹੈ ਤੇ ਨਾਲੇ ਇਨ੍ਹਾਂ ਦੇ ਪੜ੍ਹਨ ਨਾਲ ਲੋਕੀ ਉਚੀਆਂ ਤੇ ਨੀਵੀਆਂ ਜਾਤਾਂ ਤੇ ਕਿਸਮ ਕਿਸਮ ਦੇ ਭਰਮਾਂ ਵਿਚ ਭਟਕਦੇ ਰਹਿੰਦੇ ਹਨ। ਤਾਂ ਤੇ ਇਨ੍ਹਾਂ ਬੇਦਾਂ ਆਦਿਕ ਆਨਮਤ ਦੀਆਂ ਪੁਸਤਕਾਂ ਦੀਆਂ ਪੜ੍ਹਾਈਆਂ ਤੋਂ ਕੋਈ ਉਚੀ ਗੱਲ ਨਹੀਂ ਮਿਲਦੀ। ਦੂਜੇ ਪਾਸੇ ਇਹ ਕੇਵਲ ਗੁਰੂ ਦੀ ਅੰਮ੍ਰਿਤ ਬਾਣੀ ਹੀ ਹੈ ਜੋ ਤੱਤ-ਗੱਲ ਵਾਹਿਗੁਰੂ ਨਾਮ ਨੂੰ ਹੀ ਵਖਾਣਦੀ ਹੈ।*

ਢੁਕਦੀ। ਉਹ ਸ਼ਾਸਤ੍ਰਾਂ ਬੇਦਾਂ ਦੀ ਪਾਬੰਦੀ ਤੋਂ ਪਰੇ ਹੋ ਜਾਂਦੇ ਹਨ।

**ਤ੍ਰੈਗੁਣ ਬਾਣੀ ਬੇਦ ਬੀਚਾਰੁ ॥**
**ਬਿਖਿਆ ਮੈਲੁ ਬਿਖਿਆ ਵਾਪਾਰੁ ॥**
**ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥**
**ਗੁਰਮੁਖਿ ਤੁਰੀਆ ਗੁਣੁ ਉਰਿਧਾਰੁ ॥੪॥**
( ॥੫॥੪॥੧੩॥੯॥੧੩॥੨੨॥)
**(ਮਲਾਰ ਮ: ੩, ਪੰਨਾ: ੧੨੬੨)**

ਬੇਦਾਂ ਦੀ ਬੀਚਾਰ ਰੂਪੀ ਬਾਣੀ ਸਭ ਤ੍ਰੈਗੁਣੀ ਮਾਇਆ ਦਾ ਵਿਸਥਾਰ ਹੀ ਹੈ, ਇਹ ਬਿਖਿਆ ਦੀ ਮੈਲ ਹੀ ਹੈ, ਇਨ੍ਹਾਂ ਦਾ ਵੀਚਾਰ ਕਰਨਾ ਬਿਖਿਆ ਦਾ ਵਾਪਾਰ ਕਰਨਾ ਹੀ ਹੈ। ਇਸ ਨੂੰ ਮੰਨਣ ਵਾਲੇ ਆਵਾ ਗਵਣ ਵਿਚ ਪੈ ਪੈ ਖੁਆਰ ਹੁੰਦੇ ਹਨ। ਗੁਰੂ ਘਰ ਦੇ ਗੁਰਮੁਖਿ ਜਨ ਤੁਰੀਆ ਗੁਣ ਵਾਲੇ ਚੌਥੇ ਪਦ ਵਿਚ ਹੀ ਖੇਡਦੇ ਹਨ।

ਉਨ੍ਹਾਂ ਦੇ ਨਿਕਟ ਤੈਗੁਣੀ ਮਾਇਆ ਵਾਲੀ ਮੈਲ ਆਉਂਦੀ ਹੀ ਨਹੀਂ, ਭਾਵ, ਉਹ ਤ੍ਰੈਗੁਣੀ ਮਾਇਆ ਵਿਚ ਲੁਭਾਇਮਾਨ ਹੀ ਨਹੀਂ ਹੁੰਦੇ। ਆਨਮਤ ਭੇਖੀ ਆਨਮਤ ਪੁਸਤਕਾਂ ਬੇਦ ਸ਼ਾਸਤ੍ਰਾਂ ਦੇ ਵੀਚਾਰਨ ਵਾਲੇ ਇਸ ਤ੍ਰੈਗੁਣੀ ਮਾਇਆ ਦੀ ਲਿਬੇੜ ਨਾਲ ਹੀ ਲਿਬੜੇ ਰਹਿੰਦੇ ਹਨ। ਗੁਰਮਤਿ ਨਾਮ ਦੇ ਅਭਿਆਸੀ ਹੀ ਇਸ ਮਾਇਆ ਤੋਂ ਨਿਰਲੇਪ ਰਹਿੰਦੇ ਹਨ। ਹੋਰ ਕੋਈ ਆਨਮਤ ਭੇਖੀ ਇਸ ਲਿਬੇੜ ਤੋਂ ਨਹੀਂ ਬਚਿਆ।

**ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥**
**ਨਾਨਕ ਸਰਨਿ ਚਰਨ ਕਮਲਨ ਕੀ ਤੁਮ ਨ ਡਾਰਹੁ ਪ੍ਰਭ ਕਰਤੇ ॥੩॥੪॥**
**(ਮਲਾਰ ਮਹਲਾ ੫, ਪੰਨਾ: ੧੨੬੭)**

ਸ਼ਿਵ ਜੀ, ਬ੍ਰਹਮਾ ਤੇ ਹਿੰਦੂਆਂ ਦੇ ਸਾਰੇ ਦੇਵਤੇ, ਅਸੁਰ, ਗਣ, ਸਾਰੇ ਕਾਲ-ਮਈ ਅਗਨੀ ਵਿਚ ਹੀ ਜਲ ਰਹੇ ਹਨ ਅਤੇ ਜਲਦੇ ਰਹਿਣਗੇ। ਗੁਰੂ ਨਾਨਕ ਸਾਹਿਬ ਦੀ ਸਰਨ ਚਰਨ ਜੋ ਗੁਰਮੁਖਿ ਜਨ ਆਏ ਹਨ, ਉਹ ਇਸ ਅਗਨੀ ਵਿਚ ਨਹੀਂ ਪੈਂਦੇ, ਉਨ੍ਹਾਂ ਨੂੰ ਇਸ ਅਗਨੀ ਵਿਚ ਪੈਣ ਦਾ ਡਰ ਹੀ ਨਹੀਂ ਰਹਿੰਦਾ। ਹਿੰਦੂਆਂ ਆਨਮਤੀਆਂ ਭੇਖੀਆਂ ਦੇ ਅਤੇ ਉਨ੍ਹਾਂ ਦੇ ਪੂਜ ਦੇਵਤਿਆਂ ਦੇ ਸਿਰੋਂ ਇਹ ਭਾਰ ਉਤਰਦਾ ਹੀ ਨਹੀਂ।

**ਬੇਦ ਬਾਣੀ ਜਗੁ ਵਰਤਦਾ ਤ੍ਰੈਗੁਣ ਕਰੇ ਬੀਚਾਰੁ ॥**
**ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥**
**ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ ॥੧॥**
**ਤ੍ਰੈਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥**
**ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ ॥**
**ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥**
**ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥**
**ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥**
**ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥ ( ॥੮॥੨॥)**
**(ਮਲਾਰ ਮ: ੩, ਪੰਨਾ: ੧੨੭੬-੭੭)**

ਸਤਿਗੁਰੂ 'ਤੇ ਸ਼ਰਧਾ ਨਾ ਰਖਣ ਵਾਲਾ ਸੰਸਾਰ ਬੇਦਾਂ ਦੀ ਸਿਖਸ਼ਾ ਉਤੇ ਚਲਦਾ ਹੈ। ਇਨ੍ਹਾਂ ਬੇਦਾਂ ਵਿਚ ਕੇਵਲ ਤਿੰਨਾਂ ਗੁਣਾਂ ਵਾਲੀ (ਤ੍ਰੈਗੁਣੀ) ਮਾਇਆ ਦਾ ਹੀ ਜ਼ਿਕਰ ਹੁੰਦਾ ਰਹਿੰਦਾ ਹੈ। ਗੁਰ-ਨਾਮ ਬਿਨਾਂ (ਜੋ ਨਾਮ ਕੇਵਲ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ) ਸਾਰਾ ਜਗ ਜਮਡੰਡ ਹੀ ਸਹਿੰਦਾ ਹੈ। ਬੇਦ-ਬੀਚਾਰੀ, ਬੇਦ-ਪੂਜਾਰੀ ਸੰਸਾਰ ਦੀ ਇਹੋ ਗਤਿ ਹੁੰਦੀ ਹੈ ਕਿ ਤਿਨ੍ਹਾਂ ਦਾ ਜਨਮ ਮਰਨ ਕਦੇ ਹੀ ਨਹੀਂ ਮੁਕਦਾ, ਵਾਰੋ ਵਾਰੀ ਜੰਮਦਾ ਮਰਦਾ ਹੀ ਰਹਿੰਦਾ ਹੈ।

ਕੇਵਲ ਸਤਿਗੁਰ ਨੂੰ ਭੇਟਣ ਕਰਕੇ ਹੀ ਤਿਨ੍ਹਾਂ ਨੂੰ ਮੁਕਤੀ ਮਿਲਦੀ ਹੈ ਤੇ ਮੋਖ ਦੁਆਰ ਪ੍ਰਾਪਤ ਹੁੰਦਾ ਹੈ। ਨਹੀਂ ਤਾਂ ਸਾਰੀ ਦੁਨੀਆ ਤਿਹਾਂ ਗੁਣਾਂ ਵਿਚ ਹੀ ਭਟਕਦੀ ਰਹਿੰਦੀ ਹੈ। ਤ੍ਰੈਗੁਣਾਂ ਦਾ ਖ਼ਿਆਲ ਸਦਾ ਮਾਇਆ ਵਾਲਾ ਹੀ ਹੈ। ਪੜ੍ਹ ਪੜ੍ਹ ਕੇ, ਵੀਚਾਰ ਕਰ ਕਰ ਕੇ ਉਨ੍ਹਾਂ ਦੀ ਬਿਰਤੀ ਮਾਇਆ ਵਿਚ ਹੀ ਰਚੀ ਪਿਚੀ ਰਹਿੰਦੀ ਹੈ, ਤਿਨ੍ਹਾਂ ਨੂੰ ਮੁਕਤੀ ਕਦੇ ਨਹੀਂ ਪ੍ਰਾਪਤ ਹੁੰਦੀ, ਨਾ ਹੀ ਮੋਖ-ਦੁਆਰ ਮਿਲਦਾ ਹੈ। ਸਤਿਗੁਰੂ ਬਿਨਾਂ ਬੰਧਨ ਕਦੇ ਵੀ ਨਹੀਂ ਤੁਟਦੇ, ਨਾ ਹੀ ਨਾਮ ਨਾਲ ਪਿਆਰ ਲਗਦਾ ਹੈ।

ਪੰਡਿਤ ਤੇ ਬੜੇ ਬੜੇ ਮੋਨੀ ਕਹਾਵਣ ਵਾਲੇ ਮੁਨੀਸ਼ਰ ਜਨ ਬੇਦਾਂ ਨੂੰ ਪੜ੍ਹ ਪੜ੍ਹ ਕੇ ਪਚਿ ਮਰਦੇ ਹਨ ਅਤੇ ਬੇਦਾਂ ਦਾ ਅਧੈਨ ਕਰ ਕੇ ਥਕ ਰਹਿੰਦੇ ਹਨ। ਫਿਰ ਇਨ੍ਹਾਂ ਵੇਦ-ਪਾਠੀ ਪੰਡਿਤਾਂ ਮੋਨੀਆਂ ਨੂੰ ਗੁਰਮਤਿ ਨਾਮ ਵਾਹਿਗੁਰੂ ਦੀ ਕਦੇ ਪ੍ਰਾਪਤੀ ਨਹੀਂ ਹੁੰਦੀ। ਉਨ੍ਹਾਂ ਦੇ ਚਿਤ ਵਿਖੇ ਤਾਂ ਨਾਮ ਨੇ ਕੀ ਵਸਣਾ ਸੀ! ਨਾ ਹੀ ਆਪਣੇ ਅਸਲੀ ਘਰ ਹਰੀ ਦੀ ਹਜ਼ੂਰੀ ਵਿਚ ਉਨ੍ਹਾਂ ਨੂੰ ਵਾਸਾ ਮਿਲਦਾ ਹੈ। ਤਿਨ੍ਹਾਂ ਦੇ ਸਿਰ ਤੋਂ ਜਮਕਾਲ ਵਾਲਾ ਭੈ ਕਦੇ ਨਹੀਂ ਉਤਰਦਾ।

ਉਨ੍ਹਾਂ ਦੇ ਹਿਰਦੇ ਅੰਦਰ ਸਦਾ ਕਪਟ ਹੀ ਵਸਿਆ ਰਹਿੰਦਾ ਹੈ, ਜਿਸ ਕਪਟ ਦੇ ਸਦਾ ਹਿਰਦੇ ਵਸੇ ਰਹਿਣ ਕਰਕੇ ਤਿਨ੍ਹਾਂ ਦਾ ਵਿਨਾਸ ਹੀ ਵਿਨਾਸ ਸਦਾ ਹੁੰਦਾ ਰਹਿੰਦਾ ਹੈ।

**ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥**
**ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥**
**ਦਸ ਅਵਤਾਰੀ ਰਾਮੁ ਰਾਜਾ ਆਇਆ ॥**
**ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥**
**ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ ॥੩॥**
**(ਪਉੜੀ, ਮਲਾਰ ਕੀ ਵਾਰ ਮ: ੧, ਪੰਨਾ: ੧੨੭੯-੮੦)**

ਬ੍ਰਹਮਾ, ਬਿਸ਼ਨ ਤੇ ਮਹਾਂਦੇਵ ਦੇਵਤੇ ਉਪਾਏ ਗਏ, ਬ੍ਰਹਮੇ ਨੂੰ ਬੇਦ ਦਿਤੇ ਗਏ, ਇਹ ਬੇਦਾਂ ਦੇ ਪੂਜਣ ਦੇ ਕੰਮ ਵਿਚ ਲਾਇਆ ਗਿਆ ਤੇ ਬਿਸ਼ਨੂ ਦਸਾਂ ਅਵਤਾਰਾਂ ਵਿਚ ਹੀ ਘੁੰਮਦਾ ਰਿਹਾ। ਇਨ੍ਹਾਂ ਦਸਾਂ ਅਵਤਾਰਾਂ ਵਿਚੋਂ ਰਾਜਾ ਰਾਮ ਚੰਦਰ ਹੋ ਕੇ ਵਰਤਦਾ ਰਿਹਾ ਤੇ ਦੈਂਤਾਂ ਦੇ ਮਾਰਨ ਵਿਚ ਰੁਝਾ ਰਿਹਾ। ਈਸ਼ਰ ਮਹੇਸ਼ਰ ਦੀ ਸੇਵਾ ਵਾਲਿਆਂ ਨੇ ਵਾਹਿਗੁਰੂ ਦਾ ਅੰਤ ਕੀ ਪਾਣਾ ਸੀ! ਇਹ ਤਿੰਨੇ ਦੇਵਤੇ ਵੀ ਵਾਹਿਗੁਰੂ ਦਾ ਅੰਤ ਨਾ ਪਾ ਸਕੇ। ਨਿਰਾ ਅੰਤ ਪਾਣ ਵਿਚ ਹੀ ਇਹ ਭੇਖੀ ਭਰਮੀ ਰੁੱਝੇ ਰਹੇ। ਵਾਹਿਗੁਰੂ ਤੇ ਵਾਹਿਗੁਰੂ ਦਾ ਨਾਮ ਤਿਨ੍ਹਾਂ ਨੂੰ ਕਦੇ ਪ੍ਰਾਪਤ ਨਹੀਂ ਹੋ ਸਕਿਆ।

**ਦੋਵੈ ਤਰਫਾ ਉਪਾਇ ਇਕੁ ਵਰਤਿਆ ॥**
**ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥**
**ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥**
**ਮਨਮੁਖ ਕਚੇ ਕੂੜਿਆਰ ਤਿਨ੍ਹੀ ਨਿਹਚਉ ਦਰਗਹ ਹਾਰਿਆ ॥**
**ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ਹੀ ਮਾਰਿਆ ॥**
**ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥**
**ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥**
**ਸਤਿਗੁਰੁ ਸੇਵਨਿ ਆਪਣਾ ਤਿਨ੍ਹਾ ਵਿਟਹੁ ਹਉ ਵਾਰਿਆ ॥੫॥**
**(ਪਉੜੀ, ਵਾਰ ਮਲਾਰ ਮ: ੧, ਪੰਨਾ: ੧੨੮੦)**

(ਬਾਕੀ ਅਗਲੇ ਅੰਕ 'ਚ)

# ਸੰਤ ਗੁਰੂ-ਗੁਰੂ ਨਾਨਕ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰੂ ਨਾਨਕ ਹੀ ਗੁਰੂ ਪੂਰਾ ਹੈ, ਗੁਰੂ ਨਾਨਕ ਹੀ ਗੁਰੂ ਸੂਰਾ ਹੈ। ਸੱਚਾ ਗੁਰੂ ਹੈ ਹੀ ਗੁਰੂ ਨਾਨਕ। ਸੱਚਾ ਸੰਤ ਸਰੂਪ, ਗੁਰੂ ਸਰੂਪ ਸੰਤ ਹੈ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ। ਹੋਰ ਕੋਈ ਭੀ ਸੰਤ ਗੁਰੂ, ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ ਨਾ ਕਦੇ ਹੋਵੇਗਾ। ਮੁੱਢ-ਕਦੀਮ ਤੋਂ ਸਦ-ਸਦੀਵ ਲਈ ਅਜ਼ਲੀ, ਅਬਦੀ ਗੁਰੂ, ਸੱਚਾ ਸਤਿਗੁਰੂ, ਗੁਰੂ ਸਰੂਪ ਸੰਤ ਗੁਰੂ ਹੈ ਤਾਂ ਗੁਰੂ ਨਾਨਕ ਹੀ ਹੈ। ਏਸੇ ਗੁਰੂ ਨਾਨਕ ਦੇ ਦਸ ਗੁਰੂ ਜਾਮੇ ਓਤਿ ਪੋਤਿ ਇਕੋ ਗੁਰੂ ਸਰੂਪ-ਮਈ ਸੱਚੇ ਸੰਤ ਹਨ। ਗੁਰੂ ਨਾਨਕ ਤੋਂ ਪਹਿਲਾਂ ਨਾ ਕੋਈ ਸੱਚਾ ਸੰਤ ਹੋਇਆ ਨਾ ਪਿਛੋਂ ਹੋਵੇਗਾ।

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥...( ॥੧੪॥੧॥੨॥੧੧॥)**

**(ਰਾਗੁ ਸੂਹੀ ਮ. ੪, ਅਸਟਪਦੀਆ, ਅੰਗ : ੭੫੯)**

ਮਤ ਜਾਣਹੁ ਸਤਿਗੁਰ ਨਾਨਕ ਦੇਵ ਗ਼ੈਰ-ਹਾਜ਼ਰ ਹੈ। ਉਹ ਸਦਾ ਸਦਾ ਹਾਜ਼ਰ-ਨਾਜ਼ਰ ਹੈ। ਸਾਰਿਆਂ ਅੰਦਰਿ, ਸਭਨਾਂ ਦੇ ਘਟਾਂ ਅੰਦਰਿ ਸਮਾਇ ਰਹਿਆ ਹੈ। ਓਹ ਕਦੇ ਵੀ ਨਾਸ਼ਵੰਤ ਨਹੀਂ ਹੈ। ਨਾ ਦਿੱਬਯ-ਜੋਤਿ-ਕ੍ਰਾਂਤ ਕਰਕੇ, ਨਾ ਹੀ ਜੋਤਿ-ਤੱਤ-ਮਤਾਂਤ ਕਰਕੇ, ਕਦੇ ਵੀ ਨਾਸ਼ਵੰਤ ਨਹੀਂ ਹੋਇਆ, ਸਦਾ ਅਬਿਨਾਸ਼ੀ ਹੈ। ਮਨ-ਭਾਵਨੀ ਤੇ ਜਦ ਚਾਹੋ, ਪ੍ਰਗਟ ਹੋਇ ਆਉਂਦਾ ਹੈ। ਸਤਿਗੁਰ ਨਾਨਕ ਦੇਵ ਦੀ ਜੋਤਿ ਤਾਂ ਜੋਤੀਸ਼ ਸਰੂਪ ਵਾਹਿਗੁਰੂ ਵਿਖੇ ਸਮਾਇ ਗਈ, ਪ੍ਰੰਤੂ ਇਸ ਅਵਸਥਾ ਵਿਚ ਹੁੰਦੇ ਹੋਏ ਵੀ ਆਪ ਸਦ-ਸਦੀਵ ਅਨਿੰਨ ਗੁਰਸਿੱਖਾਂ ਦੇ ਹਿਰਦੇ ਅੰਦਰ ਬਿਰਾਜਮਾਨ ਹਨ। ਸ਼ਰਧਾਵਾਨ ਅਭਿਆਸੀਆਂ ਨੂੰ ਦਰਸ਼ਨ ਓਸੇ ਸਰੂਪ ਵਿਖੇ ਆਣਿ ਦੇਵੰਦੇ ਹਨ ਜਿਸ ਸਰੂਪ ਵਿਖੇ ਓਹ ਆਪਣੀ ਦਿੱਬ ਦੇਹੀ ਦੇ ਹੁੰਦਿਆਂ ਦਿੰਦੇ ਸਨ।

ਗੁਰੂ ਨਾਨਕ ਹੀ ਗੁਰੂ ਪੂਰਾ ਹੈ, ਗੁਰੂ ਨਾਨਕ ਹੀ ਗੁਰੂ ਸੂਰਾ ਹੈ। ਸੱਚਾ ਗੁਰੂ ਹੈ ਹੀ ਗੁਰੂ ਨਾਨਕ। ਸੱਚਾ ਸੰਤ ਸਰੂਪ, ਗੁਰੂ ਸਰੂਪ ਸੰਤ ਹੈ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ। ਹੋਰ ਕੋਈ ਭੀ ਸੰਤ ਗੁਰੂ, ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ ਨਾ ਕਦੇ ਹੋਵੇਗਾ। ਮੁੱਢ-ਕਦੀਮ ਤੋਂ ਸਦ-ਸਦੀਵ ਲਈ ਅਜ਼ਲੀ, ਅਬਦੀ ਗੁਰੂ, ਸੱਚਾ ਸਤਿਗੁਰੂ, ਗੁਰੂ ਸਰੂਪ ਸੰਤ ਗੁਰੂ ਹੈ ਤਾਂ ਗੁਰੂ ਨਾਨਕ ਹੀ ਹੈ। ਏਸੇ ਗੁਰੂ ਨਾਨਕ ਦੇ ਦਸ ਗੁਰੂ ਜਾਮੇ ਓਤਿ ਪੋਤਿ ਇਕੋ ਗੁਰੂ ਸਰੂਪ-ਮਈ ਸੱਚੇ ਸੰਤ ਹਨ। ਗੁਰੂ ਨਾਨਕ ਤੋਂ ਪਹਿਲਾਂ ਨਾ ਕੋਈ ਸੱਚਾ ਸੰਤ ਹੋਇਆ ਨਾ ਪਿਛੋਂ ਹੋਵੇਗਾ। ਜੇਕਰ ਹੋਂਦਾ ਤਾਂ ਭਾਈ ਸਾਹਿਬ ਗੁਰਦਾਸ ਜੀ ਇਉਂ ਕਿਉਂ ਉਚਾਰਨ ਕਰਦੇ ਕਿ :

**ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ ॥...॥੨੨॥**

**(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੨)**

ਗੁਰੂ ਨਾਨਕ ਸਾਹਿਬ ਹੀ ਸੱਚੇ ਸਾਧ ਪ੍ਰਗਟ ਹੋਏ ਤੇ ਜੁਗੋ ਜੁਗ ਹੁੰਦੇ ਰਹਿਣਗੇ। ਕੇਵਲ ਦੁਨਿਆਵੀ ਮੰਡਲਾਂ ਵਿਖੇ ਹੀ ਨਹੀਂ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਸੱਚੇ ਸਾਧ ਸਰੂਪ ਗੁਰੂ ਨਾਨਕ ਦੇਵ ਸਾਹਿਬ ਜੀ ਗੁਰੂ ਰੂਪ ਪ੍ਰਗਟ ਹੁੰਦੇ ਰਹੇ ਅਤੇ ਅਨੇਕਾਂ ਜੀਵਾਂ ਨੂੰ ਤਾਰਿਆ ਤੇ ਤਾਰਦੇ ਰਹੇ। ਸੱਚਾ ਨਿਸਤਾਰਾ, ਕਲਿਆਣ-ਮਈ ਸੱਚਾ ਉਧਾਰਾ ਸਾਰੇ ਬ੍ਰਹਿਮੰਡਾਂ ਦੇ ਪ੍ਰਾਣੀਆਂ ਦਾ ਕੇਵਲ ਗੁਰੂ ਨਾਨਕ ਸਾਹਿਬ ਦੇ ਰਾਹੀਂ ਹੀ ਹੋਣਾ ਹੈ ਅਤੇ ਹੁੰਦਾ ਰਹਿਆ ਹੈ। ਅੱਜ ਕੱਲ੍ਹ ਤਾਂ ਹਰੇਕ ਡਿੰਭੀ ਡਿੰਭਧਾਰੀ (ਪਖੰਡੀ) ਦੇਹਧਾਰੀ ਸੰਤ ਗੁਰੂ ਬਣਿ ਬਣਿ ਬਹਿੰਦਾ ਹੈ।

ਭਾਈ ਗੁਰਦਾਸ ਜੀ ਦੀ ਉਪਰਲੀ ਮਹਾਂਵਾਕ-ਪੰਕਤੀ ਤੋਂ ਇਹ ਸਿੱਧ ਹੋਇਆ ਕਿ ਸਾਰੇ ਜਗਤ ਨੂੰ ਥੰਮਣ-ਹਾਰ, ਸੱਚਾ ਪ੍ਰਮਾਰਥ ਬਖ਼ਸ਼ ਕੇ ਨਿਸਤਾਰਨਹਾਰ, ਸੱਚੇ ਗੁਰਮਤਿ ਮਾਰਗ ਨੂੰ ਦਰਸਾ ਕੇ ਸੱਚਾ ਨਿਸਤਾਰਾ ਕਰਨਹਾਰ ਹੋਇਆ ਤਾਂ ਗੁਰੂ ਨਾਨਕ ਰੂਪ ਹੀ ਸੱਚਾ ਗੁਰੂ ਸਾਧ ਪ੍ਰਗਟ ਹੋਇਆ। ਜਗਤ ਗੁਰੂ ਨਾਨਕ ਮਈ ਸੱਚੇ ਗੁਰੂ-ਸਾਧ ਬਿਹੂਣ ਜਗਤ ਨੂੰ ਥੰਮਣਹਾਰਾ, ਥੰਮ ਕੇ ਅਗੰਮੀ ਗੁਰਮਤਿ ਮਾਰਗ ਦੱਸਣਹਾਰਾ ਆਦਿ ਅੰਤਿ ਨਾ ਕੋਈ ਹੋਇਆ ਨਾ ਹੋਵੇਗਾ। ਸਾਰਿਆਂ ਜੁਗਾਂ ਵਿਖੇ ਹੀ ਧੁਰਿ ਧੁਰੰਦਰੀ ਸਾਰੇ ਜਗਤ ਨੂੰ ਨਿਸਤਾਰਨਹਾਰਾ ਸੱਚਾ ਸਤਿਗੁਰੂ ਰੂਪੀ ਸਾਧ ਹੋਇਆ ਤਾਂ ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਹੋਇਆ। ਸਾਰੇ ਜਗਤ ਨੂੰ ਕੀ, ਇਸ ਮਾਤ-ਲੋਕ-ਮਈ ਜਗਤ ਨੂੰ ਕੀ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਨਿਸਤਾਰਨਹਾਰਾ ਹੋਇਆ ਤਾਂ ਸੱਚਾ ਗੁਰੂ ਸਾਧ ਗੁਰੂ ਨਾਨਕ ਪਿਆਰਾ ਹੀ ਹੋਇਆ। ਏਸੇ ਗੁਰੂ ਨਾਨਕ ਰੂਪੀ ਸਾਧ ਨੇ ਦਸ ਗੁਰੂ ਜਾਮੇ ਧਾਰ ਕੇ ਸੱਚਾ ਗੁਰਮਤਿ ਮਾਰਗੀ ਗੁਰੂ ਸਾਧਪੁਣਾ ਪ੍ਰਗਟਾਇਆ। ਦਸਵੇਂ ਗੁਰੂ ਜਾਮੇ ਵਿਚ ਗੁਰੂ ਨਾਨਕ ਸਾਹਿਬ ਤ੍ਰਿਕਾਲ-ਦਰਸ਼ੀ ਸਤਿਗੁਰੂ ਨੇ ਇਹ ਵਿਚਾਰ ਕੇ ਕਿ ਗੁਰੂ ਨਾਨਕ ਰੂਪੀ ਸੱਚੇ ਸਾਧ ਸਤਿਗੁਰੂ ਬਿਨਾਂ ਇਸ ਜਗਤ ਨੂੰ ਨਿਸਤਾਰਨਹਾਰਾ ਥੰਮਣਹਾਰਾ ਹੋਰ ਕੋਈ ਨਹੀਂ ਹੋ ਸਕਦਾ, ਬਲਕਿ ਅਗਾਹਾਂ ਨੂੰ ਆਉਣ ਵਾਲੇ ਕਲੀਕਾਲ ਵਿਖੇ :

**ਘਰ ਘਰ ਹੋਇ ਬੈਠ ਹੈਂ ਰਾਮਾ ॥ ਤਿਨ ਤੇ ਸਰੇ ਨ ਕੋਊ ਕਾਮਾ ॥੧੨॥**

**(ਦਸਮ ਗ੍ਰੰਥ, ਨਿਹਕਲੰਕ ਅਵਤਾਰ)**

ਮਹਾਂਵਾਕ ਅਨੁਸਾਰ ਕੱਚੇ ਪਿਚੇ ਡਿੰਭੀ ਗੁਰੂ, ਗੁਰੂ ਘਰ ਵਿਖੇ ਖੁੰਬਾਂ ਵਾਂਗੂੰ ਉਗਵ ਖਲੋਣਗੇ, ਪਰੰਤੂ ਜਗਤ-ਨਿਸਤਾਰੇ ਦਾ ਉਨ੍ਹਾਂ

ਤੋਂ ਕੋਈ ਕੰਮ ਨਹੀਂ ਸਰੇਗਾ। ਜਗਤ-ਨਿਸਤਾਰਾ ਤਾਂ ਕੀ ਕਰਨਾ ਸੀ, ਉਹ ਆਪਣੇ ਆਪ ਦਾ ਉਧਾਰ-ਨਿਸਤਾਰਾ ਨਹੀਂ ਕਰ ਸਕਣਗੇ। ਇਸ ਕਰਕੇ ਆਪਣੀ ਪਰਮ ਅੰਤਰਜਾਮਤਾ ਮਈ ਗੁਰ-ਸਮਰੱਥਤਾ ਵਾਲੀ ਸ਼ਕਤੀ ਦੁਆਰਾ, ਸੱਚੇ ਗੁਰੂ ਸਾਧ ਵਾਲੀ ਸੱਚੀ ਨਿਸਤਾਰਕ ਪੀੜ੍ਹੀ ਏਥੇ ਹੀ ਮੁਕਾ ਦਿੱਤੀ। ਅਤੇ ਇਹ ਅਲੌਕਿਕ ਕਲਾ ਵਰਤਾ ਦਿੱਤੀ ਕਿ ਗੁਰੂ ਨਾਨਕ ਰੂਪੀ ਦਸੇ ਗੁਰੂ ਸਾਧ ਜਾਮਿਆਂ ਪਿਛੋਂ ਹੋਰ ਕੋਈ ਵੀ ਜਗਤ ਨਿਸਤਾਰਕ ਗੁਰੂ ਸਾਧ ਨਹੀਂ ਉਪਜੇਗਾ। ਗੁਰੂ ਘਰ ਵਿਖੇ ਗੁਰੂ ਨਾਨਕ ਦੇ ਤਾਰੇ ਨਿਸਤਾਰੇ ਹੋਏ ਗੁਰਮੁਖ ਗੁਰਸਿੱਖਾਂ ਦੇ ਪੰਜਾਂ ਦੇ ਪੁੰਜ ਤਾਂ ਹੋਣਗੇ ਪਰ ਉਨ੍ਹਾਂ ਵਿਚੋਂ ਕੋਈ ਵੀ ਇਕ ਸਿੱਖ ਗੁਰ-ਨਿਸਤਾਰਿਆ ਸਿਖ ਗੁਰੂ ਨਹੀਂ ਸਦੱਾ ਸਕੇਗਾ, ਨਾ ਹੀ ਗੁਰੂ ਰੂਪ ਸਾਧ ਕਹਾ ਸਕੇਗਾ, ਬਲਕਿ ਏਸ ਮਹਾਂਵਾਕ ਅਨੁਸਾਰ, "ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥ (ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੯) ਗੁਰੂ ਨਾਨਕ ਦਾ ਨਿਸਤਾਰਿਆ ਹੋਇਆ ਸਿੱਖ, ਸਿੱਖ ਹੀ ਰਹੇਗਾ। ਇੱਕ ਸਿੱਖ ਗੁਰੂ ਸਰੂਪ ਸਾਧ ਕਦੇ ਨਹੀਂ ਬਣ ਸਕੇਗਾ। ਅਜਿਹੇ ਗੁਰ-ਨਿਸਤਾਰੇ ਹੋਏ ਪੰਜਾਂ ਸਿੱਖਾਂ ਦੇ ਪੁੰਜ ਸਮੂਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਤੇ ਸੀਨਾ-ਬਸੀਨਾ ਵਰਤਦੀ ਰਹੇਗੀ।

ਇਹ ਧੁਰ-ਧੁਰੰਦਰੀ ਸੱਚਾ ਸੁਮਾਰਗੀ ਗੁਰਮਤਿ ਮਾਰਗ ਚਲਾ ਕੇ ਸੱਚਾ ਧੁਰਵਾ ਬੰਨ੍ਹ ਦਿੱਤਾ। ਏਸ ਬੱਝੇ ਹੋਏ ਧੁਰਵੇ ਤੋਂ ਅਗਿਆਤ ਅਨਮਤੀ ਅਗਿਆਨੀ ਭੇਖਧਾਰੀ ਆਪੇ ਬਣ ਬੈਠੇ ਸਾਧਾਂ ਨੇ ਤਾਂ ਕੀ ਸਬਕ ਲੈਣਾ ਸੀ, ਬਲਕਿ ਗੁਰੂ ਘਰ ਵਿਖੇ ਹੀ ਅਨੇਕਾਂ ਡਿੰਭ-ਧਾਰੀ ਗੁਰੂ, ਗੁਰੂ ਨਾਨਕ ਸਦੱਰਸ਼ ਸਾਧ-ਗੁਰੂ ਹੋਣ ਦੀ ਹਮਾਕਤ ਕਰ ਬੈਠੇ ਤੇ ਕਰੀ ਜਾਂਦੇ ਹਨ। ਹਾਲਾਂਕਿ ਗੁਰੂ ਨਾਨਕ ਦਸ ਜਾਮੇਸ਼ ਸਤਿਗੁਰੂ ਬਾਝੋਂ ਹੋਰ ਕਿਸੇ ਨੂੰ ਭੀ ਇਹ ਸੱਚੀ ਗੁਰੱਤਤਾ ਵਾਲੀ ਪਦਵੀ ਪ੍ਰਾਪਤ ਨਹੀਂ। ਹੋਰਨਾਂ ਜੁਗਾਂ ਵਿਖੇ ਤਾਂ ਟਾਵੀਂ ਟਾਵੀਂ ਗੁਰੱਤਤਾ ਵਾਲੀ ਪਦਵੀ ਸ਼ਕਤੀ ਗੁਰੂ ਨਾਨਕ ਸਾਹਿਬ ਵਰਤਦੇ ਰਹੇ, ਪ੍ਰੰਤੂ ਕਲਜੁਗ ਵਿਖੇ ਤਾਂ ਪ੍ਰਗਟ ਪਹਾਰੇ ਇਹ ਸ਼ਕਤੀ ਗੁਰੂ ਨਾਨਕ ਸਾਹਿਬ ਨੇ ਵਰਤਾਈ, ਜੈਸੇ ਕਿ ਭਾਈ ਗੁਰਦਾਸ ਜੀ ਦਾ ਮਹਾਂਵਾਕ ਹੈ:

**ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥੨੭॥**
**(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)**

ਭਾਵ ਮੁਖੀ ਗੁਰੂ, ਸਭ ਤੋਂ ਸ੍ਰੇਸ਼ਟ ਗੁਰੂ, ਸੱਚਾ ਸਤਿਗੁਰੂ, ਸੱਚੀ ਥੰਮਣਹਾਰ ਨਿਸਤਾਰਨ-ਹਾਰ ਸ਼ਕਤੀ ਵਾਲਾ ਸਾਧ ਗੁਰੂ, ਗੁਰ ਨਾਨਕ

ਗੁਰੂ ਘਰ ਵਿਖੇ ਗੁਰੂ ਨਾਨਕ ਦੇ ਤਾਰੇ ਨਿਸਤਾਰੇ ਹੋਏ ਗੁਰਮੁਖ ਗੁਰਸਿੱਖਾਂ ਦੇ ਪੰਜਾਂ ਦੇ ਪੁੰਜ ਤਾਂ ਹੋਣਗੇ ਪਰ ਉਨ੍ਹਾਂ ਵਿਚੋਂ ਕੋਈ ਵੀ ਇਕ ਸਿੱਖ ਗੁਰ-ਨਿਸਤਾਰਿਆ ਸਿਖ ਗੁਰੂ ਨਹੀਂ ਸਦੱਾ ਸਕੇਗਾ, ਨਾ ਹੀ ਗੁਰੂ ਰੂਪ ਸਾਧ ਕਹਾ ਸਕੇਗਾ, ਬਲਕਿ ਏਸ ਮਹਾਂਵਾਕ ਅਨੁਸਾਰ, "ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥ (ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੯) ਗੁਰੂ ਨਾਨਕ ਦਾ ਨਿਸਤਾਰਿਆ ਹੋਇਆ ਸਿੱਖ, ਸਿੱਖ ਹੀ ਰਹੇਗਾ। ਇੱਕ ਸਿੱਖ ਗੁਰੂ ਸਰੂਪ ਸਾਧ ਕਦੇ ਨਹੀਂ ਬਣ ਸਕੇਗਾ। ਅਜਿਹੇ ਗੁਰ-ਨਿਸਤਾਰੇ ਹੋਏ ਪੰਜਾਂ ਸਿੱਖਾਂ ਦੇ ਪੁੰਜ ਸਮੂਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਤੇ ਸੀਨਾ-ਬਸੀਨਾ ਵਰਤਦੀ ਰਹੇਗੀ।

ਸਾਹਿਬ ਪ੍ਰਗਟ-ਪਹਾਰੇ ਸਾਰੇ ਜਗਤ ਦੇ ਜੀਵਾਂ ਦਾ ਨਿਸਤਾਰਨਹਾਰਾ ਉਤਪੰਨ ਹੋਇਆ। ਗੁਰੂ ਨਾਨਕ ਰੂਪੀ ਸੱਚੇ ਸਾਧ ਗੁਰ ਸਦੱਰਸ਼ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਸਚ ਮੁੱਚ ਮੁਖੀ ਗੁਰੂ ਵਾਹਿਗੁਰੂ ਸਮਾਨ ਹੀ ਵਾਹਿਗੁਰੂ ਸਰੂਪਾ ਗੁਰੂ ਹੈ। ਜਿਤਨੇ ਵੀ ਅਨਮਤੀ ਸਾਧੜੇ ਆਪ ਆਪਣੀ ਮਤ ਅਨੁਸਾਰ ਗੁਰੂ ਬਣ ਬੈਠੇ ਹਨ, ਸਭ ਡਿੰਭੀ ਅਤੇ ਭੇਖਧਾਰੀ ਗੁਰੂ ਹਨ। ਵਿਚੋਂ ਕੋਈ ਭੀ ਸੱਚਾ ਗੁਰੂ ਨਹੀਂ ਕਹਾ ਸਕਦਾ।

ਗੁਰੂ ਨਾਨਕ ਸਾਹਿਬ ਨੇ ਆਪਣੇ ਦਸਵੇਂ ਗੁਰੂ ਜਾਮੇ ਅੰਦਰਿ ਜੋ ਇਸ ਬਿਧਿ ਸਵੈਯਾ ਉਚਾਰਨ ਕੀਤਾ ਹੈ:

**ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥**
**ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥**
**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥**
**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥**
**(ਅਕਾਲ ਉਸਤਤਿ, ਤ੍ਵਪ੍ਰਸਾਦ ਸਵੈਯੇ)**

ਏਸ ਦਾ ਭਾਵ ਹੀ ਸਮੁੱਚੇ ਤੌਰ 'ਤੇ ਆਪੋ ਆਪਣੇ ਮਨ ਦੇ ਮਤੇ ਅਨੁਸਾਰ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਦੇ ਪਖੰਡ ਦਾ ਖੰਡਣ ਕਰਦਾ ਹੈ। ਭਾਵ ਇਸ ਸਵੈਯੇ ਦਾ ਇਹ ਹੈ ਕਿ ਗੁਰੂ ਸਾਹਿਬ ਨੇ ਆਪਣੀ ਤ੍ਰਿਕਾਲ-ਦਰਸਤਾ ਸੰਪੰਨ ਅੰਤਰ-ਜਾਮਤਾ ਦੁਆਰਾ ਅੱਛੀ ਤਰ੍ਹਾਂ ਘੋਖ ਕੇ ਦੇਖ ਲਿਆ ਕਿ ਇਹ ਜੋ ਸ੍ਰੇਵੜੇ ਸ੍ਰਾਵਗੀ ਜੈਨ ਮਤ ਵਾਲੇ ਕੇਵਲ ਆਪਣੀ ਸ਼ੁਧ ਪਵਿਤ੍ਰਤਾ ਵਾਲੀ ਕ੍ਰਿਆ ਕਰਕੇ ਆਪਣੇ ਆਪ ਨੂੰ ਸਾਧ ਕਹਾਉਂਦੇ ਹਨ ਅਤੇ ਸਾਰੇ ਆਨਮਤੀ ਭੇਖਧਾਰੀ ਸਿੱਧ ਜੋਗੀ ਜਤੀ ਜਟਾਧਾਰੀ ਅਤੇ ਸੂਰਮੇ ਕਹਾਉਣ ਵਾਲੇ ਸੁਰ, ਨਰ, ਮੁਨ ਜਨ, ਅਨੇਕਾਂ ਅਨਮਤੀ ਸੰਤਾਂ ਦੇ ਸਾਰੇ ਫ਼ਿਰਕੇ ਆਪਣੇ ਆਪ ਨੂੰ ਸੰਤ ਬਣਾਈ ਫਿਰਦੇ ਹਨ, ਗੱਲ ਕੀ ਸਾਰੇ ਹੀ ਕਾਇਨਾਤ ਦੇਸ਼ ਦੇ ਅਨਮਤੀ ਮਤ-ਮਤਾਂਤਰਾਂ ਵਾਲੇ ਖ਼ੁਦ-ਸਾਖ਼ਤਾ, (ਆਪੋਂ ਬਣ ਬੈਠੇ) ਸਾਧ ਸੰਤ ਕਹਾਉਂਦੇ ਹਨ, ਏਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੀ ਪਖੰਡ-ਕ੍ਰਿਆ ਦੁਆਰਾ ਵਾਹਿਗੁਰੂ ਪ੍ਰਾਨਪਤੀ ਦੇ ਦਰਸ਼ਨ ਨਹੀਂ ਦੇਖੇ। ਇਹ ਵਾਹਿਗੁਰੂ ਪ੍ਰਾਨਪਤੀ ਦਾ ਦਰਸ਼ਨ ਤਾਂ ਕੇਵਲ ਉਹੀ ਵਾਹਿਗੁਰੂ ਵਰੋਸਾਏ, ਧੁਰੋਂ ਵਾਹਿਗੁਰੂ ਦੀ ਦਰਗਾਹੋਂ ਪਠਾਏ ਹੋਏ ਗੁਰੂ ਨਾਨਕ ਸਾਰਖੇ ਸਾਧ ਗੁਰੂ ਹੀ ਪਰਤੱਖ ਦੇਖ ਸਕਦੇ ਹਨ, ਜਿਨ੍ਹਾਂ ਦੇ ਉਪਰ ਸ੍ਰੀ ਭਗਵਾਨ ਵਾਹਿਗੁਰੂ ਦੀ ਖ਼ਾਸ ਕਿਰਪਾ ਨਾਜ਼ਲ ਹੁੰਦੀ ਹੈ।

ਏਸ ਖ਼ਾਸ ਮਖ਼ਸੂਸੀ ਕਿਰਪਾ ਬਿਹੂਣ ਅਤੇ ਵਾਹਿਗੁਰੂ ਜੀ ਇੱਕੋ ਸੱਚੀ ਪ੍ਰੀਤੀ ਬਿਨਾਂ (ਸੱਚ ਪ੍ਰੇਮ ਬਿਨਾਂ) ਉਪਰ ਦੱਸੇ ਹੋਏ ਅਨੇਕਾਂ ਮਤ-ਮਤਾਂਤਰੀ ਡਿੰਭੀ ਸਾਧੂ ਇਕ ਕੌਡੀ ਦੇ ਕੰਮ ਦੇ ਵੀ ਨਹੀਂ। ਸਾਡੇ ਹੀ ਗੁਰੂ ਘਰ ਵਿਖੇ ਅਨੇਕਾਂ ਅਜਿਹੇ ਡਿੰਭੀ ਤੇ ਪਖੰਡੀ ਸਾਧੜੇ ਬਣੇ ਬੈਠੇ ਹਨ ਜੋ ਆਪਣੀ ਮਨੋਰਥ-ਸਿੱਧੀ ਲਈ ਅਨੇਕਾਂ ਜਗਿਆਸੂਆਂ ਨੂੰ ਕੂੜ ਕੇ ਥਾਪੜੇ ਦੇ ਦੇ ਕੇ ਆਪਣੇ ਆਪ ਨੂੰ ਗੁਰੂ ਸਾਧ ਕਹਾਉਂਦੇ ਹਨ। ਇਸ ਬਿਧਿ ਗੁਰੂ ਨਾਨਕ ਰੂਪੀ ਅਜ਼ਲੋਂ ਅਮਰੋਂ ਪਠਾਏ ਸੱਚੇ ਸਾਧ ਗੁਰੂ ਦੀ ਰੀਸ ਕਰ ਕੇ ਆਪਣਾ ਲੋਕ ਪਰਲੋਕ ਵਿਗਾੜ ਬੈਠਦੇ ਹਨ।

ਗੁਰੂ ਨਾਨਕ ਬਾਝੋਂ ਨਾ ਕੋਈ ਸੱਚਾ ਗੁਰੂ ਸਰੂਪ ਸਾਧ ਹੋਇਆ ਤੇ ਨਾ ਹੋਵੇਗਾ। ਇਹ ਗੱਲ ਗੁਰਸਿੱਖਾਂ ਨੂੰ ਦ੍ਰਿੜ੍ਹ ਕਰਕੇ ਧਾਰਨ ਕਰ ਲੈਣੀ ਪਰਮ ਗੁਰਮਤਿ ਹੈ।■■

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤਿ ਉੱਚ ਮਰਤਬਾ

**ਭਾਈ ਕੁਲਬੀਰ ਸਿੰਘ, ਟੋਰਾਂਟੋ**

ਸ੍ਰੀ ਮੁਖਵਾਕ ਅਤੇ ਭੱਟਾਂ ਦੇ ਸਵੱਈਆਂ ਵਿਚ ਸਭ ਤੋਂ ਪਹਿਲਾਂ ਤਾਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਵਾਹਿਗੁਰੂ ਜੀ ਦੇ ਦਰ 'ਤੇ ਪਰਵਾਨ ਹੋਇਆ 'ਭਗਤ' ਦੱਸਿਆ ਗਿਆ ਹੈ, ਫੇਰ 'ਸਤਿਗੁਰੂ' ਕਹਿ ਕੇ ਵਡਿਆਇਆ ਗਿਆ ਹੈ ਅਤੇ ਅਖੀਰ ਵਿਚ "ਆਪਿ ਨਾਰਾਇਣੁ" ਹੀ ਦੱਸਿਆ ਗਿਆ ਹੈ। ਸੋ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਜਿੱਥੇ ਵਾਹਿਗੁਰੂ ਜੀ ਦੇ 'ਸ਼੍ਰੋਮਣੀ ਭਗਤ' ਹਨ, ਉਥੇ 'ਸਤਿਗੁਰੂ' ਵੀ ਹਨ ਅਤੇ ਕਮਾਲ ਦੀ ਗੱਲ ਹੈ ਕਿ ਉਹ ਖੁਦ 'ਵਾਹਿਗੁਰੂ' ਦਾ ਰੂਪ ਵੀ ਹਨ। ਇਹ ਕਿਸ ਤਰ੍ਹਾਂ ਮੁਮਕਿਨ ਹੈ, ਇਹ ਸਾਡੇ ਵਾਸਤੇ ਸਮਝਣਾ ਮੁਸ਼ਕਿਲ ਹੈ ਕਿਉਂਕਿ ਸਾਡੀ ਸੁਰਤਿ ਹਾਲੇ ਉੱਚੀ ਨਹੀਂ ਉਠੀ ਪਰ ਇਸ ਦੇ ਬਾਵਜੂਦ ਸਾਨੂੰ ਗੁਰਬਾਣੀ ਦੇ ਫੁਰਮਾਨਾਂ 'ਤੇ ਯਕੀਨ ਕਰਨਾ ਚਾਹੀਦਾ ਹੈ ਕਿਉਂਕਿ ਗੁਰਬਾਣੀ ਹੀ ਤੱਤ-ਸੱਚ ਹੈ। ਸਚਿਆਰ ਗੁਰਸਿੱਖ ਉਹ ਹੈ ਜੋ ਗੁਰਬਾਣੀ ਦੇ ਹੁਕਮਾਂ ਅਤੇ ਬਚਨਾਂ 'ਤੇ ਪੂਰਾ ਯਕੀਨ ਰੱਖੇ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਲਿਜੁਗ ਵਿਚ ਆਗਮਨ ਇਕ ਮਹਾਨ ਘਟਨਾ ਹੈ ਜੋ ਕਿ ਆਤਮਕ ਦੁਨੀਆ ਵਿਚ ਤਾਂ ਗ਼ਜ਼ਬ ਬਰਪਾ ਗਈ ਸੀ ਪਰ ਇਸ ਦ੍ਰਿਸ਼ਟਮਾਨ ਸੰਸਾਰ ਦੇ ਲੋਕਾਂ ਨੇ ਹਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੀਮਤ ਪੂਰੀ ਤਰ੍ਹਾਂ ਨਹੀਂ ਜਾਣੀ। ਇਸੇ ਕਰਕੇ ਹੀ ਆਨਮਤੀਆਂ ਦੇ ਮਨਾਂ ਵਿਚ ਹੀ ਨਹੀਂ, ਬਲਕਿ ਸਿੱਖ ਵਿਦਵਾਨਾਂ ਦੇ ਮਨਾਂ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੀ ਮਰਤਬੇ ਬਾਰੇ ਭੁਲੇਖੇ ਹਨ। ਆਤਮਕ ਜੀਵਨ ਤੋਂ ਵਿਰਵੇ ਕਈ ਵਿਦਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਇਕ ਮਹਾਨ ਮਨੁੱਖ' ਕਹਿਣ ਵਿਚ ਹੀ ਗੁਰੂ ਸਾਹਿਬ ਜੀ ਦੀ ਬਹੁਤ ਵਡਿਆਈ ਸਮਝਦੇ ਹਨ, ਜਦਕਿ ਹੋਰ ਕਈ ਵਿਦਵਾਨ ਗੁਰੂ ਸਾਹਿਬ ਨੂੰ ਰਿਫਾਰਮਰ (ਸੁਧਾਰਕ) ਹੀ ਦਸਦੇ ਹਨ। ਕਈ ਸ਼ਰਧਾ ਰੱਖਣ ਵਾਲੇ ਗੁਰਸਿੱਖ, ਗੁਰੂ ਸਾਹਿਬ ਨੂੰ ਬਹੁਤ ਵੱਡੇ ਭਗਤ ਸਮਝਦੇ ਹਨ ਜੋ ਕਿ ਠੀਕ ਹੈ ਪਰ ਇਹ ਪੂਰਾ ਸੱਚ ਨਹੀਂ ਹੈ। ਗੱਲ ਕੀ, ਜਿੰਨੇ ਦਾਨੇ, ਓਨੀਆਂ ਹੀ ਉਨ੍ਹਾਂ ਦੀ ਮੱਤਾਂ ਪਰ ਇਨ੍ਹਾਂ ਵਿਚੋਂ ਕੋਈ ਵੀ ਗੁਰੂ ਸਾਹਿਬ ਦੀ ਹਸਤੀ ਬਾਰੇ ਸਹੀ ਬਿਆਨ ਕਰਨ ਤੋਂ ਅਸਮਰੱਥ ਹੀ ਰਿਹਾ ਹੈ। ਅਸਲ ਗੱਲ ਇਹ ਹੈ ਕਿ ਜ਼ਮੀਨ 'ਤੇ ਰੇਂਗਣ ਵਾਲੀ ਕੀੜੀ ਨੂੰ ਜੇਕਰ ਕੋਈ ਪੁੱਛੇ ਕਿ ਉੱਚ ਅਸਮਾਨ 'ਤੇ ਉਡਾਰੀਆਂ ਮਾਰਨ ਵਾਲੇ ਪੰਖੀਆਂ ਦੀ ਗਤਿ ਮਿਤਿ ਕੀ ਹੈ ? ਤਾਂ ਦੱਸੋ ਉਹ ਕੀੜੀ ਕੀ ਬਿਆਨ ਕਰ ਸਕਦੀ ਹੈ। ਬਿਲਕੁਲ ਇਹੋ ਹੀ ਹਾਲਤ ਇਸ ਤ੍ਰੈਗੁਣੀ ਮਾਇਆ ਨਾਲ ਲਿੱਬੜੀ ਹੋਈ ਹੋਛੀ ਮਤਿ ਵਾਲਿਆਂ ਦੀ ਹੈ। ਅਸੀਂ ਅਲਪੱਗ ਜੀਵ, ਸਰਬੱਗ ਸਤਿਗੁਰਾਂ ਬਾਰੇ ਕੀ ਕਹਿ ਸਕਦੇ ਹਾਂ। ਇਸ ਲਈ ਦਰਕਾਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਅਤੇ ਉਨ੍ਹਾਂ ਦੇ ਮਰਤਬੇ ਨੂੰ ਸਮਝਣ ਲਈ ਗੁਰਬਾਣੀ ਦੀ ਸੇਧ ਲਈ ਜਾਵੇ। ਸਮੱਗਰ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਅਨੇਕਾਂ ਥਾਵਾਂ 'ਤੇ ਜ਼ਿਕਰ ਹੈ ਅਤੇ ਖਾਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ੍ਰੀ ਮੁਖਵਾਕ ਅਤੇ ਭੱਟਾਂ ਦੇ ਸਵੱਈਆਂ ਵਿਚ ਪਹਿਲੇ ਪਾਤਿਸ਼ਾਹ ਦੀ ਅਥਾਹ ਅਤੇ ਸਹੀ ਵਡਿਆਈ ਕੀਤੀ ਗਈ ਹੈ।

ਸ੍ਰੀ ਮੁਖਵਾਕ ਅਤੇ ਭੱਟਾਂ ਦੇ ਸਵੱਈਆਂ ਵਿਚ ਸਭ ਤੋਂ ਪਹਿਲਾਂ ਤਾਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਵਾਹਿਗੁਰੂ ਜੀ ਦੇ ਦਰ 'ਤੇ ਪਰਵਾਨ ਹੋਇਆ 'ਭਗਤ' ਦੱਸਿਆ ਗਿਆ ਹੈ, ਫੇਰ 'ਸਤਿਗੁਰੂ' ਕਹਿ ਕੇ ਵਡਿਆਇਆ ਗਿਆ ਹੈ ਅਤੇ ਅਖੀਰ ਵਿਚ "ਆਪਿ ਨਾਰਾਇਣੁ" ਹੀ ਦੱਸਿਆ ਗਿਆ ਹੈ। ਸੋ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਜਿੱਥੇ ਵਾਹਿਗੁਰੂ ਜੀ ਦੇ 'ਸ਼੍ਰੋਮਣੀ ਭਗਤ' ਹਨ, ਉਥੇ 'ਸਤਿਗੁਰੂ' ਵੀ ਹਨ ਅਤੇ ਕਮਾਲ ਦੀ ਗੱਲ ਹੈ ਕਿ ਉਹ ਖੁਦ 'ਵਾਹਿਗੁਰੂ' ਦਾ ਰੂਪ ਵੀ ਹਨ। ਇਹ ਕਿਸ ਤਰ੍ਹਾਂ ਮੁਮਕਿਨ ਹੈ, ਇਹ ਸਾਡੇ ਵਾਸਤੇ ਸਮਝਣਾ ਮੁਸ਼ਕਿਲ ਹੈ ਕਿਉਂਕਿ ਸਾਡੀ ਸੁਰਤਿ ਹਾਲੇ ਉੱਚੀ ਨਹੀਂ ਉਠੀ ਪਰ ਇਸ ਦੇ ਬਾਵਜੂਦ ਸਾਨੂੰ ਗੁਰਬਾਣੀ ਦੇ ਫੁਰਮਾਨਾਂ 'ਤੇ ਯਕੀਨ ਕਰਨਾ ਚਾਹੀਦਾ ਹੈ ਕਿਉਂਕਿ ਗੁਰਬਾਣੀ ਹੀ ਤੱਤ-ਸੱਚ ਹੈ। ਸਚਿਆਰ ਗੁਰਸਿੱਖ ਉਹ ਹੈ ਜੋ ਗੁਰਬਾਣੀ ਦੇ ਹੁਕਮਾਂ ਅਤੇ ਬਚਨਾਂ 'ਤੇ ਪੂਰਾ ਯਕੀਨ ਰੱਖੇ। ਇੱਥੋਂ ਤੱਕ ਯਕੀਨ ਚਾਹੀਦਾ ਹੈ ਕਿ ਜੇਕਰ ਗੁਰਸਿੱਖ ਦੇ ਗਿਆਨ ਇੰਦਰੇ ਜਿਵੇਂ ਕਿ ਅੱਖਾਂ, ਕੰਨ, ਨੱਕ ਆਦਿ ਕੁਝ ਹੋਰ ਸ਼ਾਹਦੀ ਭਰਦੇ ਹੋਣ ਅਤੇ ਗੁਰਬਾਣੀ ਦਾ ਫੁਰਮਾਨ ਕੁਝ ਹੋਰ ਹੋਵੇ ਤਾਂ ਗੁਰਸਿੱਖ ਨੂੰ ਆਪਣੇ ਗਿਆਨ ਇੰਦਰਿਆਂ ਨੂੰ ਛੱਡ ਕੇ ਗੁਰੂ ਸਾਹਿਬ ਦੇ ਫੁਰਮਾਨਾਂ 'ਤੇ ਇਤਮਾਤੋ-ਇਤਬਾਰ ਰੱਖਣਾ ਚਾਹੀਦਾ ਹੈ।

ਇਹ ਜੋ ਸ੍ਰਿਸ਼ਟੀ ਦੀ ਰਚਨਾ ਹੈ, ਉਹ ਵਾਹਿਗੁਰੂ ਜੀ ਨੇ ਖੁਦ ਕੀਤੀ ਹੈ ਅਤੇ ਅਤਿਅੰਤ ਦਾਨਾਈ (ਸਿਆਣਪ) ਨਾਲ ਕੀਤੀ ਹੈ ਕਿਉਂਕਿ ਵਾਹਿਗੁਰੂ ਜੀ ਤਾਂ ਬਿਬੇਕ ਅਤੇ ਵਿਚਾਰ ਦੇ ਸਾਗਰ ਹਨ। ਇਹ ਉਤਪਤੀ ਵਾਹਿਗੁਰੂ ਜੀ ਦਾ ਇਕ ਖੇਲ ਹੈ ਅਤੇ ਇਸ ਖੇਲ ਵਿਚ ਸਾਰੀ ਦੁਨੀਆ ਨੂੰ ਮਾਇਆ ਰਾਹੀਂ ਉਨ੍ਹਾਂ ਨੇ ਭਰਮਾ ਛੱਡਿਆ ਹੈ। ਜੋ ਵੀ ਜਨ ਚਾਹੇ ਮਾੜਾ, ਚੰਗਾ, ਉੱਚਾ, ਨੀਵਾਂ, ਪਾਪੀ, ਪੁੰਨੀ ਆਦਿ ਦਿਸਦਾ ਹੈ, ਸਭ ਮਾਇਆ ਅਤੇ ਹਉਮੈ ਦੇ ਗੇੜ ਵਿਚ ਹੈ। ਵੱਡੇ-ਵੱਡੇ ਮਜ਼੍ਹਬ ਅਤੇ ਧਰਮ ਵੀ ਹਉਮੈ ਦਾ ਹੀ ਪਸਾਰਾ ਹਨ, ਜਿਸ ਕਰਕੇ ਇਨ੍ਹਾਂ ਦੇ ਅਨੁਯਾਈ ਚੁਰਾਸੀ ਵਿਚ ਹੀ ਫਸੇ ਰਹਿੰਦੇ ਹਨ, ਕਦੇ ਵੀ ਮੁਕਤ ਨਹੀਂ ਹੁੰਦੇ। ਇਹ ਮਾਇਆ ਅਤਿ-ਪ੍ਰਬਲ ਹੈ ਅਤੇ ਇਸ ਮਾਇਆ ਤੋਂ ਨਿਕਲਣ ਲਈ ਵਾਹਿਗੁਰੂ ਜੀ ਨੇ, ਆਪਣਾ ਹੀ ਗੁਰੂ ਰੂਪ ਅਸਥਾਪਤ ਕੀਤਾ

ਹੈ ਅਤੇ ਆਪਣੇ ਆਪ ਨੂੰ ਆਪਣੇ ਇਸ ਗੁਰੂ ਰੂਪ ਦੇ ਪ੍ਰਾਇਣ ਕਰ ਦਿੱਤਾ ਹੈ; ਇਸੇ ਕਰਕੇ ਹੀ ਵਾਹਿਗੁਰੂ ਜੀ ਦਾ ਇਕ ਉੱਤਮ ਗੁਣ ਹੈ ਕਿ ਉਹ "ਗੁਰਪ੍ਰਸਾਦਿ" ਹਨ ਭਾਵ ਗੁਰੂ ਜੀ ਦੀ ਕਿਰਪਾ ਦੁਆਰਾ ਮਿਲਦੇ ਹਨ। ਇਹ ਜੋ ਵਾਹਿਗੁਰੂ ਜੀ ਦਾ ਗੁਰੂ ਰੂਪ ਹੈ, ਇਸੇ ਨੂੰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ। ਕਿਉਂਕਿ ਗੁਰੂ ਜੀ ਨੇ ਦੁਨੀਆ ਦਾ ਉਧਾਰ ਕਰਨ ਦਾ ਮਿਸ਼ਨ ਆਪਣੇ ਸਿਰ ਲਿਆ ਹੈ ਅਤੇ ਇਹ ਮਿਸ਼ਨ ਸਤਿਨਾਮ ਦੁਆਰਾ ਪੂਰਾ ਕੀਤਾ ਜਾਣਾ ਹੈ, ਇਸ ਕਰਕੇ ਇਹ ਲਾਜ਼ਮੀ ਸੀ ਕਿ ਗੁਰੂ ਸਾਹਿਬ ਖੁਦ ਨਾਮ ਨਾਲ ਭਰਪੂਰ ਅਤੇ ਸਰਸ਼ਾਰ ਹੋਣ। ਭਾਵੇਂਕਿ ਸਤਿਗੁਰੂ, ਨਾਮੀ ਵਾਹਿਗੁਰੂ ਅਤੇ ਗੁਰਮਤਿ ਨਾਮ ਵਿਚ ਕੋਈ ਫਰਕ ਨਹੀਂ ਹੈ ਪਰ ਫੇਰ ਵੀ ਇਸ ਸੰਸਾਰ ਦੀ ਰੀਤ ਰੱਖਦਿਆਂ ਹੋਇਆਂ ਇਸ ਸੰਸਾਰ 'ਤੇ ਅਵਤਾਰ ਧਾਰਨ ਤੋਂ ਬਾਅਦ, ਪਹਿਲਾਂ ਗੁਰਾਂ ਨੇ ਆਪ ਨਾਮ ਦੀ ਅਥਾਹ ਕਮਾਈ ਕੀਤੀ। ਹੋਰ ਜੀਵਾਂ ਨੂੰ ਨਾਮ ਦਾ ਰਸਤਾ ਦਿਖਾਉਣਾ ਤਦ ਹੀ ਸੰਭਵ ਸੀ ਜੇਕਰ ਗੁਰੂ ਸਾਹਿਬ ਨੇ ਬਜ਼ਾਤੇ ਖੁਦ ਨਾਮ ਦਾ ਰਸਤਾ ਤੈਅ ਕੀਤਾ ਹੁੰਦਾ। ਇਸ ਦੁਨੀਆ ਵਿਖੇ ਅਵਤਾਰ ਧਾਰਨ ਤੋਂ ਬਾਅਦ, ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਥਾਹ ਕਮਾਈ ਨਾਮ ਦੀ ਕੀਤੀ ਅਤੇ ਇਸੇ ਕਰਕੇ ਹੀ ਜ਼ਿੰਦਗੀ ਦੇ ਚੌਥੇ ਦਹਾਕੇ ਵਿਚ ਜਾ ਕੇ ਦੁਨੀਆ ਵਿਚ ਗੁਰਮਤਿ ਦਾ ਪ੍ਰਚਾਰ ਆਰੰਭ ਕੀਤਾ। ਇਸ ਬਾਰੇ ਭਾਈ ਗੁਰਦਾਸ ਜੀ ਨੇ ਬਹੁਤ ਖੂਬਸੂਰਤ ਲਿਖਿਆ ਹੈ :

**ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ॥**

**ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ॥**

**ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ॥**

**ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥**

(**ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪**)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰ ਕੇ ਪਹਿਲਾਂ ਆਪ ਨਾਮ ਦੀ ਅਥਾਹ ਕਮਾਈ ਕੀਤੀ। ਬਖਸ਼ੁ (ਬਖਸ਼ਿਸ਼) ਤਾਂ ਦਰ ਤੋਂ ਪਹਿਲਾਂ ਹੀ ਸੀ ਭਾਵ ਪਹਿਲਾਂ ਹੀ ਵਾਹਿਗੁਰੂ ਸਰੂਪ ਸਨ, ਪਰ ਇਸ ਦੁਨੀਆ ਵਿਚ ਆ ਕੇ ਇਸ ਦੁਨੀਆ ਵਾਲੀ ਰੀਤਿ ਅਪਨਾਉਂਦਿਆਂ ਹੋਇਆ ਪਹਿਲਾਂ ਆਪ ਨਾਮ ਦੀ ਕਮਾਈ ਕਰਕੇ ਅਤੇ "ਰੇਤੁ ਅਕੁ ਆਹਾਰੁ" ਕੀਤਾ ਭਾਵ ਰੁੱਖਾ ਸੁੱਕਾ ਖਾ ਕੇ, ਰੋੜਾਂ ਦੀ ਵਿਛਾਈ ਕੀਤੀ ਭਾਵ ਸੌਣਾ ਕੀਤਾ ਹੀ ਨਹੀਂ ਬਲਕਿ ਸਦਾ ਜਾਗਦੇ ਹੀ ਰਹੇ ਅਤੇ ਨਾਮ ਦੀ ਕਮਾਈ ਕਰਨ ਵਿਚ ਹੀ ਲੱਗੇ ਰਹੇ ਜਿਸ ਕਰਕੇ ਇਸ ਦੁਨੀਆ ਵਿਚ ਘਾਲੀ ਹੋਈ ਕਮਾਈ ਕਰਕੇ ਹਰੀ ਵਾਹਿਗੁਰੂ ਸਿਉਂ ਉਨ੍ਹਾਂ ਦੀ ਬਣਿ ਆਈ ਅਤੇ ਫੇਰ ਇੱਥੋਂ ਸਚਖੰਡਿ ਵਿਖੇ ਉਨ੍ਹਾਂ ਦੀ ਗੰਮਤਾ ਹੋਈ ਭਾਵ ਵਾਹਿਗੁਰੂ ਜੀ ਦੇ ਦਰ 'ਤੇ ਜਾ ਕੇ ਕਬੂਲਤਾ ਹਾਸਲ ਕੀਤੀ ਅਤੇ ਉਥੋਂ ਹੁਕਮ ਲੈ ਕੇ ਫੇਰ ਧਰਤਿ ਲੁਕਾਈ ਨੂੰ ਸੋਧਣਾ ਕੀਤਾ। ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਗੋਬਿੰਦ ਰੂਪ ਹਨ ਅਤੇ ਆਦਿ ਤੋਂ ਹੀ ਵਾਹਿਗੁਰੂ ਵਿਚ ਲੀਨ ਹਨ ਪਰ ਇਸ ਸੰਸਾਰ ਦੇ ਲੋਕਾਂ ਨੂੰ ਤਾਰਨ ਲਈ ਇਸ ਸੰਸਾਰ 'ਤੇ ਗੁਰਮਤਿ ਨਾਮ ਦੀ ਕਮਾਈ ਕਰਕੇ ਸਚਖੰਡਿ ਵਿਖੇ ਗੰਮਤਾ ਕਾਇਮ ਕਰਨੀ ਜ਼ਰੂਰੀ ਸੀ ਤਾਂ ਕਿ ਲੋਕਾਂ ਦਾ ਸਚਖੰਡਿ ਵਿਖੇ ਜਾਣ ਦਾ ਰਸਤਾ ਖੁੱਲ੍ਹ ਸਕੇ। ਇਸ ਅਵਤਾਰ ਵਿਚ ਕਮਾਈ ਕਰਕੇ ਹਰੀ ਸਿਉਂ ਬਣਿ ਆਉਣ ਦਾ ਇਹ ਭਾਵ ਨਹੀਂ ਹੈ ਕਿ ਪਹਿਲਾਂ ਹਰੀ ਨਾਲ ਉਨ੍ਹਾਂ ਦੀ ਨਹੀਂ ਸੀ ਬਣੀ ਹੋਈ ਬਲਕਿ ਇਹ ਭਾਵ ਹੈ ਕਿ ਇੱਥੇ ਇਸ ਦੁਨੀਆ ਵਿਚ ਅਵਤਾਰ ਧਾਰ ਕੇ ਗੁਰਾਂ ਨੇ ਨਵੇਂ ਸਿਰਿਓਂ ਨਾਮ ਦੀ ਸਿਧੀ ਕੀਤੀ; ਦੁਨੀਆ ਨੂੰ ਸੋਧ ਦੇਣ ਲਈ। ਬਾਕੀ ਦੇ ਵਲੀ, ਅਉਲੀਏ, ਪੀਰ, ਪੈਗ਼ੰਬਰ, ਅਵਤਾਰ ਆਦਿ ਤਾਂ ਸੰਸਾਰੀ ਧੰਧਿਆਂ ਵਿਚ ਲੱਗੇ ਰਹੇ ਅਤੇ ਅਚਾਨਕ ਇਕ ਦਿਨ ਉਨ੍ਹਾਂ ਨੇ ਆਪਣੇ ਆਪ ਨੂੰ ਅਵਤਾਰ ਜਾਂ ਪੈਗ਼ੰਬਰ ਐਲਾਨ ਕਰ ਦਿੱਤਾ। ਦੂਜੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ ਕਈ ਦਹਾਕੇ ਭਾਰੀ ਤਪੱਸਿਆ ਕੀਤੀ ਅਤੇ ਫੇਰ ਵਾਹਿਗੁਰੂ ਜੀ ਦੇ ਹੁਕਮ ਨਾਲ ਇਸ ਦੁਨੀਆ ਵਿਚ ਸਤਿਨਾਮ ਦਾ ਚੱਕਰ ਫੇਰਿਆ। ਹੋਰ ਦੇਖੋ, ਹੋਰ ਕੋਈ ਵੀ ਪੈਗ਼ੰਬਰ ਜਾਂ ਅਵਤਾਰ ਆਪਣੇ ਜਨਮ ਅਸਥਾਨ ਤੋਂ ਬਾਹਰ ਜਾ ਕੇ ਪ੍ਰਚਾਰ ਕਰਨ ਨਹੀਂ ਗਿਆ ਜਿਸ ਤੋਂ ਸਿੱਧ ਹੈ ਕਿ ਉਹ ਸਮੁੱਚੇ ਜਗਤ ਵਾਸਤੇ ਨਹੀਂ ਸਨ ਆਏ ਜਦਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਉਂ ਖੰਡ ਪ੍ਰਿਥਵੀ ਵਿਖੇ ਜਾ ਕੇ ਸੱਚੇ ਧਰਮ ਦਾ ਹੋਕਾ ਦੇ ਕੇ ਲੋਕਾਂ ਨੂੰ ਗੁਰਮਤਿ ਦੇ ਆਗਮਨ ਦੀ ਸੂਚਨਾ ਦਿੱਤੀ ਅਤੇ ਸਾਰੀ ਹੀ ਧਰਤੀ ਦੇ ਲੋਕਾਂ ਨੂੰ ਤਾਰਿਆ।

ਸ੍ਰੀ ਗੁਰੂ ਨਾਨਕ ਦੇਵ ਜੀ 'ਸ਼੍ਰੋਮਣੀ ਭਗਤ' ਇਸ ਕਰਕੇ ਹਨ ਕਿ ਉਨ੍ਹਾਂ ਨੇ ਅਵਤਾਰ ਧਾਰ ਕੇ, ਹੋਰਨਾਂ ਨੂੰ ਪ੍ਰਬੋਧਨ ਸੋਧਨ ਤੋਂ ਪਹਿਲਾਂ ਆਪ ਗੁਰਮਤਿ ਭਗਤੀ ਕੀਤੀ ਅਤੇ ਗੁਰਮਤਿ ਨਾਮ ਨੂੰ ਸਿਧ ਕੀਤਾ। ਉਨ੍ਹਾਂ ਨੇ "ਭਾਰੀ ਕਰੀ ਤਪਸਿਆ" ਜਿਸ ਕਰਕੇ ਉਹ ਸਭ ਤੋਂ ਵੱਡੇ ਭਗਤ ਹਨ। ਉਹ ਸਤਿਗੁਰੂ ਇਸ ਕਰਕੇ ਹਨ ਕਿ ਉਨ੍ਹਾਂ ਨੂੰ ਸਚਖੰਡਿ ਤੋਂ ਵਾਹਿਗੁਰੂ ਜੀ ਵਲੋਂ ਥਾਪੜਾ ਦੇ ਕੇ ਧਰਤਿ ਲੋਕਾਈ ਨੂੰ ਸੋਧਣ ਲਈ 'ਸਤਿਗੁਰੂ' ਥਾਪਿਆ ਗਿਆ ਹੈ। ਉਹ ਵਾਹਿਗੁਰੂ ਇਸ ਕਰਕੇ ਹਨ ਕਿ ਵਾਹਿਗੁਰੂ ਜੀ ਨੇ ਆਪ ਹੀ, ਆਪਣਾ ਗੁਰੂ ਰੂਪ ਰਚਿਆ ਹੈ ਅਤੇ ਇਹ ਗੁਰੂ ਰੂਪ ਪੂਰੀ ਤਰ੍ਹਾਂ ਵਾਹਿਗੁਰੂ ਨਾਲ ਓਤਿ ਪੋਤਿ ਹੈ; ਇਸ ਤਰ੍ਹਾਂ ਓਤਿ ਪੋਤਿ ਹੈ ਕਿ ਕੋਈ ਉਨ੍ਹਾਂ ਨੂੰ ਭਿੰਨ ਨਹੀਂ ਕਰ ਸਕਦਾ। ਹੋਰ ਤਾਂ ਹੋਰ, ਗੁਰਮੁਖ ਪਿਆਰੇ ਪੰਡਿਤ ਕਰਤਾਰ ਸਿੰਘ ਜੀ ਦਾਖਾ ਦੇ ਕਥਨ ਅਨੁਸਾਰ, ਵਾਹਿਗੁਰੂ ਜੀ ਨੇ ਆਪਣੇ ਆਪ ਨੂੰ ਆਪਣੇ ਗੁਰੂ ਰੂਪ ਦੇ ਪਰਤੰਤ੍ਰ ਭਾਵ ਅਧੀਨ ਰੱਖਿਆ ਹੈ, ਜਿਸ ਕਰਕੇ ਵਾਹਿਗੁਰੂ ਜੀ ਦਾ ਇਕ ਗੁਣ ਹੈ ਕਿ ਉਹ "ਗੁਰਪ੍ਰਸਾਦਿ" ਹਨ। ਵਾਹਿਗੁਰੂ ਜੀ ਉਸ ਨੂੰ ਮਿਲਦੇ ਹਨ ਜਿਸ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਨ ਬੀਸ ਬਿਸਵੇ ਮੰਨੇ ਅਤੇ ਨਾ ਤਾਂ ਵਾਹਿਗੁਰੂ ਜੀ ਸਿੱਧੇ ਕਿਸੇ ਨੂੰ ਮਿਲਦੇ ਹਨ ਅਤੇ ਨਾ ਹੀ ਕਿਸੇ ਹੋਰ ਰਹਿਬਰ ਦੀ ਵਿਚੋਲਗੀ ਰਾਹੀਂ ਮਿਲਦੇ ਹਨ। ਕੇਵਲ ਅਤੇ ਕੇਵਲ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਦੀ ਕਿਰਪਾ ਨਾਲ ਹੀ ਕਿਸੇ ਜੀਵ ਨੂੰ ਮਿਲਦੇ ਹਨ।

ਹੁਣ ਵਿਚਾਰ ਕਰਦੇ ਹਾਂ ਗੁਰਬਾਣੀ ਦੇ ਕੁਝ ਕੁ ਸ਼ਬਦਾਂ ਦੀ, ਜਿਨ੍ਹਾਂ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਸਤੀ ਬਾਰੇ ਸਹੀ ਅਤੇ ਪ੍ਰਮਾਣੀਕ ਜਾਣਕਾਰੀ ਮਿਲਦੀ ਹੈ:

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥**

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥੧॥**

**(ਸਵਯੇ ਸ੍ਰੀ ਮੁਖਬਾਕੵ ਮਹਲਾ ੫, ਪੰਨਾ: ੧੩੮੫)**

(ਗੁਰੂ ਨਾਨਕ ਦੇਵ ਜੀ, ਵਾਹਿਗੁਰੂ ਜੀ ਦੇ ਦਰ 'ਤੇ ਪਰਵਾਨ ਹੋਏ ਭਗਤ ਜਨ ਹਨ, ਅਤੇ ਬ੍ਰਹਮ ਵਾਹਿਗੁਰੂ ਦੇ ਹੀ ਤੁੱਲ ਸਮਸਰਿ ਹਨ, ਇਸ ਕਰਕੇ ਇਕ ਜੀਭ ਉਨ੍ਹਾਂ ਬਾਰੇ ਕੀ ਬਖਾਨੇ ਭਾਵ ਕਹੇ। ਬਸ ਕੁਰਬਾਨ, ਕੁਰਬਾਨ, ਕੁਰਬਾਨ, ਕੁਰਬਾਨ ਅਤੇ ਸਦਾ ਕੁਰਬਾਨ ਹੀ ਜਾਈਏ)।

ਉਪਰਲੇ ਗੁਰਵਾਕ ਤੋਂ ਸਿੱਧ ਹੈ ਕਿ ਗੁਰੂ ਜੀ ਕੇਵਲ ਭਗਤ ਹੀ ਨਹੀਂ ਹਨ ਬਲਕਿ

ਬ੍ਰਹਮ ਵਾਹਿਗੁਰੂ ਜੀ ਦੇ ਸਮਸਰਿ ਭਾਵ ਉਨ੍ਹਾਂ ਦਾ ਹੀ ਰੂਪ ਹਨ। ਇਸ ਬਾਣੀ ਵਿਚ ਅੱਗੇ ਜਾ ਕੇ ਹਜ਼ੂਰ ਸ੍ਰੀ ਪੰਚਮੇਸ਼ ਪਿਤਾ ਜੀ ਫੁਰਮਾਉਂਦੇ ਹਨ ਕਿ ਹਰੀ ਰੂਪ ਗੁਰੂ ਨਾਨਕ ਨੂੰ ਜਿਸ ਨੇ ਵੀ ਪਰਸਿਆ ਹੈ, ਉਹ ਜੰਮਣ ਮਰਨ ਤੋਂ ਰਹਿ ਗਿਆ ਹੈ, ਭਾਵ ਉਸ ਦਾ ਜਨਮ ਮਰਨ ਨਿਵਾਰਿਆ ਗਿਆ ਹੈ:

**ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥**

**(ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫, ਪੰਨਾ: ੧੩੮੬)**

ਇਨ੍ਹਾਂ ਸਵਈਆਂ ਦੀ ਅਖੀਰਲੀ ਪਉੜੀ ਵਿਚ ਹਜ਼ੂਰ ਸ੍ਰੀ ਗੁਰੂ ਪੰਚਮ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਇਸ ਤਰ੍ਹਾਂ ਹੋਇਆ ਜਿਵੇਂ ਹਨੇਰੇ ਵਿਚ ਤੇਜ ਚਿਰਾਗ਼ ਜਗ ਪਿਆ ਹੋਵੇ ਅਤੇ ਸਭ ਕਲਿਜੁਗ ਦੀ ਲੁਕਾਈ ਉਧਰ ਗਈ ਹੈ। ਸਾਰੇ ਸੰਸਾਰ ਵਿਚ ਪ੍ਰਗਟ ਹੋ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਨ ਵੀ ਹਨ, ਸਤਿਗੁਰੂ ਵੀ ਹਨ ਅਤੇ ਪਾਰਬ੍ਰਹਮ ਵੀ ਹਨ।

**ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥**

**ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥**

**(ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫, ਪੰਨਾ : ੧੩੮੭)**

ਕੈਸਾ ਖ਼ੂਬਸੂਰਤ ਗੁਰਵਾਕ ਹੈ ਜੋ ਕਿ ਗੁਰੂ ਸਾਹਿਬ ਜੀ ਨੂੰ ਜਨ, ਗੁਰੂ ਅਤੇ ਪਾਰਬ੍ਰਹਮ ਦਰਸਾ ਰਿਹਾ ਹੈ। ਜੇਕਰ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਇਹ ਉਪਰੋਕਤ ਗੁਰਵਾਕ ਇਕ ਭਵਿੱਖਤ ਵਾਕ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ "ਸਭ ਕਲਿ ਉਧਰੀ"। "ਉਧਰੀ" ਭੂਤਕਾਲ ਦੀ ਕਿਰਿਆ ਹੈ, ਜਿਸ ਦਾ ਭਾਵ ਹੈ ਕਿ ਸਾਰੀ ਕਲਿਜੁਗ ਦੀ ਲੁਕਾਈ ਉਧਰ ਗਈ ਹੈ, ਭਾਵ ਸਾਰੀ ਲੁਕਾਈ ਦਾ ਉਧਾਰ ਹੋ ਗਿਆ ਹੈ, ਹੋ ਚੁੱਕਿਆ ਹੈ। ਸ਼ਰਧਾਵਾਨ ਗੁਰਸਿੱਖਾਂ ਨੂੰ ਤਾਂ ਇਹ ਪੰਕਤੀ ਅੱਜ ਵੀ ਸੱਚ ਪ੍ਰਤੀਤ ਹੁੰਦੀ ਹੈ ਪਰ ਹੋਰ ਲੁਕਾਈ ਨੂੰ ਇਸ ਪੰਕਤੀ ਦੀ ਕੀਮਤ ਉਸ ਵੇਲੇ ਪਤਾ ਲੱਗੇਗੀ ਜਦੋਂ ਭਵਿੱਖ ਵਿਚ ਸਾਰੀ ਲੁਕਾਈ ਦਾ ਉਧਾਰ ਹੋ ਗਿਆ। ਅਦ੍ਰਿਸ਼ਟ ਆਤਮਿਕ ਦੁਨੀਆ ਵਿਚ ਤਾਂ ਗੁਰੂ ਸਾਹਿਬ ਦੇ ਆਗਮਨ 'ਤੇ ਹੀ ਗੁਰਾਂ ਦੀ ਦੋਹੀ ਫਿਰ ਗਈ ਸੀ ਕਿ ਸਾਰੀ ਦੁਨੀਆ ਦਾ ਉਧਾਰ ਹੋ ਗਿਆ ਹੈ ਪਰ ਇਸ ਦ੍ਰਿਸ਼ਟਮਾਨ ਮਾਦਾ ਸੰਸਾਰ ਵਿਚ ਇਹ ਘਟਨਾ ਹਾਲੇ ਵਾਪਰਨੀ ਹੈ। ਜਦੋਂ ਵਾਪਰਨੀ ਹੋਵੇਗੀ ਵਾਪਰ ਜਾਵੇਗੀ ਪਰ ਗੁਰਸਿੱਖਾਂ ਦੇ ਭਾ ਦੀ ਤਾਂ ਇਸ ਪੰਕਤੀ ਦਾ ਸੱਚ ਵਾਪਰ ਚੁੱਕਿਆ ਹੈ ਬਸ ਇਸ ਸੰਸਾਰ ਵਿਚ ਪ੍ਰਗਟ ਹੀ ਨਹੀਂ ਹੋਇਆ ਪਰ ਇਕ ਦਿਨ ਅਵੱਸ਼ ਪ੍ਰਗਟ ਹੋ ਜਾਣਾ ਹੈ।

> ਸ੍ਰੀ ਗੁਰੂ ਨਾਨਕ ਦੇਵ ਜੀ 'ਸ਼੍ਰੋਮਣੀ ਭਗਤ' ਇਸ ਕਰਕੇ ਹਨ ਕਿ ਉਨ੍ਹਾਂ ਨੇ ਅਵਤਾਰ ਧਾਰ ਕੇ, ਹੋਰਨਾਂ ਨੂੰ ਪ੍ਰਬੋਧਨ ਸੋਧਨ ਤੋਂ ਪਹਿਲਾਂ ਆਪ ਗੁਰਮਤਿ ਭਗਤੀ ਕੀਤੀ ਅਤੇ ਗੁਰਮਤਿ ਨਾਮ ਨੂੰ ਸਿਧ ਕੀਤਾ। ਉਨ੍ਹਾਂ ਨੇ "ਭਾਰੀ ਕਰੀ ਤਪਸਿਆ" ਜਿਸ ਕਰਕੇ ਉਹ ਸਭ ਤੋਂ ਵੱਡੇ ਭਗਤ ਹਨ। ਉਹ ਸਤਿਗੁਰੂ ਇਸ ਕਰਕੇ ਹਨ ਕਿ ਉਨ੍ਹਾਂ ਨੂੰ ਸਚਖੰਡਿ ਤੋਂ ਵਾਹਿਗੁਰੂ ਜੀ ਵਲੋਂ ਥਾਪੜਾ ਦੇ ਕੇ ਧਰਤਿ ਲੋਕਾਈ ਨੂੰ ਸੋਧਣ ਲਈ 'ਸਤਿਗੁਰੂ' ਥਾਪਿਆ ਗਿਆ ਹੈ।

ਜਦੋਂ ਸਵਈਏ ਮਹਲੇ ਪਹਿਲੇ ਕੇ ਵਿਚਾਰਦੇ ਹਾਂ ਤਾਂ ਬੁਧੀ ਚਕ੍ਰਿਤ ਰਹਿ ਜਾਂਦੀ ਹੈ ਕਿਉਂਕਿ ਇਨ੍ਹਾਂ ਸਵਈਆਂ ਵਿਚ ਅਜਿਹੇ ਆਤਮਿਕ ਸੱਚ ਦ੍ਰਿੜ੍ਹਾਏ ਗਏ ਹਨ ਜੋ ਕਿ ਸਾਡੇ ਵਲੋਂ ਸਿੱਖੀ ਹੋਈ ਵਿਦਿਆ ਦੇ ਉਲਟ ਹੈ। ਅਸੀਂ ਸਾਰੇ ਇਹੋ ਹੀ ਪੜ੍ਹਦੇ ਆਏ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਸੰਨ ੧੪੬੯ ਵਿਚ ਪ੍ਰਗਟ ਹੋਏ ਹਨ, ਅਤੇ ਉਨ੍ਹਾਂ ਤੋਂ ਪਹਿਲਾਂ ਕਈ ਹੋਰ ਭਗਤ ਹੋਏ ਹਨ ਜੋ ਕਿ ਸੱਚ ਨੂੰ ਪ੍ਰਾਪਤ ਕਰ ਚੁੱਕੇ ਹਨ ਪਰ ਜਦੋਂ ਇਨ੍ਹਾਂ ਸਵਈਆਂ ਨੂੰ ਪੜ੍ਹਦੇ ਹਾਂ ਤਾਂ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਹੋਏ ਭਗਤ ਕਿਵੇਂ ਗੁਰੂ ਨਾਨਕ ਸਾਹਿਬ ਜੀ ਦਾ ਗੁਣਗਾਣ ਕਰ ਰਹੇ ਹਨ। ਇਨ੍ਹਾਂ ਸਵਈਆਂ ਵਿਚ ਦਰਸਾਇਆ ਗਿਆ ਹੈ ਕਿ ਪੁਰਾਣੇ ਭਗਤ ਪ੍ਰਹਿਲਾਦ ਜੀ ਵਰਗੇ, ਪਰਸ਼ੂਰਾਮ ਜੀ ਅਤੇ ਰਿਖੀ ਜਮਦਗਨੀ ਸਾਰਖੇ, ਰਿਖੀ ਕਪਲ ਵਰਗੇ, ਧਰੂ ਅਤੇ ਧੋਮ ਵਰਗੇ ਅਤੇ ਹੋਰ ਅਨੇਕਾਂ ਪੁਰਾਤਨ ਭਗਤ ਉਸ ਗੁਰੂ ਨਾਨਕ ਦਾ ਜਸ ਗਾ ਰਹੇ ਹਨ ਜਿਸ ਨੇ ਇਸ ਸੰਸਾਰ ਵਿਚ ਰਾਜ ਜੋਗ ਮਾਣਿਆ ਹੈ। ਇਸ ਖਿਆਲ ਨੂੰ ਸਾਬਤ ਕਰਦੀਆਂ ਕੁਝ ਕੁ ਪੰਕਤੀਆਂ ਪੇਸ਼ ਹਨ ਜੀ, ਪਰ ਪੂਰੀ ਤਫਸੀਲ ਲਈ ਪੂਰੇ ਸਵਈਏ ਪੜ੍ਹਨੇ ਅਤੇ ਵਿਚਾਰਨੇ ਲੋੜੀਂਦੇ ਹਨ :

**ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥...੨॥** (ਪੰਨਾ: ੧੩੮੯)

**ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥**

**ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥**

**ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥**

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੪॥** (ਪੰਨਾ: ੧੩੮੯-੯੦)

ਹੋਰ ਤਾਂ ਹੋਰ, ਕਲਿਜੁਗ ਦੇ ਪ੍ਰਸਿੱਧ ਭਗਤ, ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ ਅਤੇ ਬੇਣੀ ਜੀ, ਜਿਨ੍ਹਾਂ ਨੂੰ ਸਾਡੇ ਵਿਦਵਾਨ ਬੜੇ ਭਾਵੁਕ ਹੋ ਕੇ ਇਹ ਸਾਬਤ ਕਰਨਾ ਲੋਚਦੇ ਹਨ ਕਿ ਉਹ ਆਪਣੇ ਆਪ ਹੀ, ਸਤਿਗੁਰੂ ਜੀ ਦੀ ਸਹਾਇਤਾ ਤੋਂ ਬਗ਼ੈਰ ਹੀ, ਵਾਹਿਗੁਰੂ ਜੀ ਤੱਕ ਪਹੁੰਚ ਗਏ ਸਨ, ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਗਾਉਂਦੇ ਦੱਸੇ ਗਏ ਹਨ:

**ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥**

**ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥...॥੮॥** (ਪੰਨਾ: ੧੩੯੦)

ਮੌਜੂਦਾ ਵਿਦਵਾਨਾਂ ਦਾ ਵਿਚਾਰ ਹੈ ਕਿ ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਅਤੇ ਹੋਰ ਭਗਤ ਸਾਹਿਬਾਨ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਏ ਹਨ ਪਰ ਉਹ ਇਹ ਨਹੀਂ ਸਮਝਦੇ ਕਿ ਜੇਕਰ ਇਹ ਭਗਤ ਪਹਿਲਾਂ ਹੋਏ ਹੁੰਦੇ ਤਾਂ ਇਹ ਧੁਰ ਸਚਖੰਡਿ ਵਿਖੇ, ਜਿੱਥੋਂ ਇਹ ਧੁਰ ਕੀ ਬਾਣੀ ਲਿਆਏ ਸਨ, ਕਿਵੇਂ ਪਹੁੰਚ ਗਏ। ਸਤਿਗੁਰੂ ਤਾਂ ਇਕ ਹੀ ਹੈ ਅਤੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਹੈ। ਹੋਰ ਕੋਈ ਸਤਿਗੁਰੂ ਨਾ ਹੋਇਆ ਹੈ ਨਾ ਹੋਵੇਗਾ ਕਿਉਂਕਿ ਸੱਚ ਤਾਂ ਇਕ ਹੀ ਹੁੰਦਾ ਹੈ। ਅਕਾਲ ਪੁਰਖ ਵੀ ਇਕ ਹੈ ਅਤੇ ਉਸ ਦਾ ਗੁਰੂ ਰੂਪ- ਸਤਿਗੁਰੂ ਵੀ ਇਕ ਹੀ ਹੈ। ਇਸ ਵਿਸ਼ੇ 'ਤੇ ਅਕਾਲ ਚਲਾਣਾ ਕਰ ਚੁੱਕੇ ਗਿਆਨੀ ਗੁਰਦਿੱਤ ਸਿੰਘ ਜੀ ਦੀ ਕਿਤਾਬ "ਭਗਤ ਬਾਣੀ ਦਾ ਇਤਿਹਾਸ"

ਇਕ ਕਮਾਲ ਦੀ ਪੁਸਤਕ ਹੈ। ਗਿਆਨੀ ਜੀ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਅਸ਼ੀਰਵਾਦ ਪ੍ਰਾਪਤ ਸੀ ਅਤੇ ਉਨ੍ਹਾਂ ਨੇ ਭਾਈ ਸਾਹਿਬ ਜੀ ਦੀ ਸੋਚ ਮੁਤਾਬਕ ਹੀ ਇਹ ਮਹਾਨ ਖੋਜ ਕਰਕੇ ਸਾਬਤ ਕੀਤਾ ਹੈ ਕਿ ਸਭ ਭਗਤ ਸਾਹਿਬਾਨ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਨਾ ਸਿਰਫ ਗੁਰੂ ਸਾਹਿਬ ਦੇ ਸਮਕਾਲੀ ਹੋਏ ਹਨ ਬਲਕਿ ਉਨ੍ਹਾਂ ਦੇ ਸਿੱਖ ਸਨ। ਗੁਰਬਾਣੀ ਦਾ ਫੁਰਮਾਨ ਹੈ ਕਿ ਭਗਤ ਉਹ ਹੁੰਦਾ ਹੈ ਜੋ ਗੁਰਮੁਖ ਹੋਵੇ ਅਤੇ ਗੁਰਮੁਖ ਉਹ ਹੁੰਦਾ ਹੈ ਜਿਸ ਦਾ ਗੁਰੂ, ਸ੍ਰੀ ਗੁਰੂ ਨਾਨਕ ਹੋਵੇ:

**ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥... ॥੧॥ ( ॥੪॥੧॥੨॥)**
**(ਰਾਗੁ ਸੂਹੀ ਮਹਲਾ ੩, ਪੰਨਾ: ੭੬੮)**

ਇਸ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਗਿਆਨੀ ਨਿਹਾਲ ਸਿੰਘ ਸੂਰੀ ਅਤੇ ਪੰਡਿਤ ਕਰਤਾਰ ਸਿੰਘ ਦਾਖਾ ਨੇ ਵੀ ਲਿਖਿਆ ਹੈ ਕਿ ਸਾਰੇ ਭਗਤ ਗੁਰੂ ਸਾਹਿਬ ਜੀ ਦੁਆਰਾ ਹੀ ਪ੍ਰਵਾਨ ਹੋਏ। ਸਾਡਾ ਪੁਰਾਣਾ ਜਨਮ ਸਾਖੀਆਂ ਵਾਲਾ ਸਾਹਿਤ ਵੀ ਇਹੋ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਭਗਤਾਂ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਸੀ। ਇਹ ਇਕ ਅੱਡ ਵਿਸ਼ਾ ਹੈ ਅਤੇ ਕਿਸੇ ਹੋਰ ਲੇਖ ਵਿਚ ਇਸ ਬਾਰੇ ਮਜ਼ੀਦ ਵਿਚਾਰ ਕੀਤੀ ਜਾਵੇਗੀ ਪਰ ਹੁਣ ਇੰਨਾ ਸਮਝ ਲੈਣਾ ਜ਼ਰੂਰੀ ਹੈ ਕਿ ਸਾਰੇ ਭਗਤ ਸਾਹਿਬਾਨ ਕੇਵਲ ਭਗਤ ਹਨ, ਗੁਰੂ ਨਹੀਂ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਭਗਤ ਵੀ ਹਨ ਅਤੇ ਹੋਰਨਾਂ ਨੂੰ ਜੀਅ ਦਾਨ ਦੇ ਕੇ ਭਗਤ ਬਣਾਉਣ ਵਾਲੇ ਸਤਿਗੁਰੂ ਵੀ ਹਨ।

ਹੇਠ ਲਿਖੇ ਗੁਰਵਾਕ ਤੋਂ ਭਗਤਾਂ ਅਤੇ ਗੁਰੂ ਨਾਨਕ ਸਾਹਿਬ ਦਾ ਫਰਕ ਪਤਾ ਲੱਗ ਜਾਂਦਾ ਹੈ:

**ਕਬੀਰਿ ਧਿਆਇਓ ਏਕ ਰੰਗ ॥**
**ਨਾਮਦੇਵ ਹਰਿ ਜੀਉ ਬਸਹਿ ਸੰਗਿ ॥**
**ਰਵਿਦਾਸ ਧਿਆਏ ਪ੍ਰਭ ਅਨੂਪ ॥**
**ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥**
**(ਬਸੰਤੁ ਮਹਲਾ ੫ ਘਰੁ ੧ ਦੁਤੁਕੀਆ, ਪੰਨਾ: ੧੧੯੨)**

ਹਜ਼ੂਰ ਫੁਰਮਾਉਂਦੇ ਹਨ ਕਿ (ਭਗਤ) ਕਬੀਰ ਨੇ ਇਕ ਰੰਗ ਧਿਆਇਆ, ਨਾਮਦੇਵ ਦੇ ਨਾਲ ਹਰੀ ਜੀ ਵੱਸਦੇ ਹਨ, ਰਵਿਦਾਸ ਨੇ ਸੋਹਣੇ ਪ੍ਰਭੂ ਜੀ ਧਿਆਏ ਜਦਕਿ ਗੁਰੂ ਨਾਨਕ ਦੇਵ ਤਾਂ ਗੋਵਿੰਦ ਰੂਪ ਹਨ। ਇਸ ਸਾਰੇ ਸ਼ਬਦ ਵਿਚ ਕਈ ਭਗਤਾਂ ਦਾ ਜ਼ਿਕਰ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦੇ ਹੋਏ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਰਾ ਹੀ ਲਾ ਦਿੱਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕੀ ਕਿਹਾ ਜਾਵੇ, ਉਹ ਤਾਂ ਗੋਵਿੰਦ ਰੂਪ ਹਨ।

ਪਹਿਲੇ ਭਗਤ ਜੋ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਗਾਉਂਦੇ ਭੱਟਾਂ ਦੇ ਸਵਈਆਂ ਵਿਚ ਦਰਸਾਏ ਗਏ ਹਨ, ਇਸ ਕਲਿਜੁਗ ਵਿਚ ਜਨਮ ਲੈ ਕੇ ਗੁਰੂ ਕੇ ਸਿੱਖ ਹੋਏ ਅਤੇ ਇਸ ਬਿਧਿ ਉਨ੍ਹਾਂ ਦਾ ਉਧਾਰ ਹੋਇਆ ਹੈ। ਪਹਿਲੇ ਜਾਮਿਆਂ ਵਿਚ ਵੀ ਜੋ ਉਨ੍ਹਾਂ ਭਗਤਾਂ ਨੇ ਕਲਾ ਕ੍ਰਿਸ਼ਮੀ ਕੌਤਕ ਕੀਤੇ ਸਨ, ਸੋ ਸਭ, ਵਾਹਿਗੁਰੂ ਵਿਚ ਲੀਨ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਦਾ ਹੀ ਸਦਕਾ ਸਨ। ਅਵਤਾਰਾਂ ਦੇ ਕਾਰਨਾਮਿਆਂ ਅਤੇ ਹੋਰ ਚਮਤਕਾਰਾਂ ਦੌਰਾਨ, ਪਰਦੇ ਪਿੱਛੇ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਕੰਮ ਕਰ ਰਹੇ ਸਨ। ਚਾਹੇ ਪੰਚਾਲੀ ਦੀ ਲੱਜਾ ਰੱਖਣ ਦਾ ਕੌਤਕ ਸੀ ਜਾਂ ਨਰਸਿੰਘ ਰੱਚ ਕੇ ਨਖਾਂ ਨਾਲ ਹਰਣਾਖਸ਼ ਨੂੰ ਮਾਰਨ ਦਾ ਚਮਤਕਾਰ ਸੀ, ਚਾਹੇ ਸੁਦਾਮੇ ਦਾ ਦਾਲਿਦਰ ਨਿਵਾਰਨ ਦਾ ਮੌਅਜਜ਼ਾ ਸੀ, ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਸਭ ਜੁਗਾਂ ਵਿਚ ਸਤਿਗੁਰੂ ਰੂਪ ਹੋ ਕੇ ਕੌਤਕ ਰਚਦੀ ਰਹੀ ਹੈ, ਜੈਸਾ ਇਸ ਗੁਰਵਾਕ ਤੋਂ ਸਿੱਧ ਹੈ:

**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥... ॥੨॥੬੦॥**
**(ਸਵਈਏ ਮਹਲੇ ਚਉਥੇ ਕੇ ੪, ਪੰਨਾ: ੧੪੦੬)**

ਗੁਰਬਾਣੀ ਦਾ ਫੁਰਮਾਨ ਹੈ ਕਿ ਸਤਿਗੁਰੂ ਨੂੰ ਵੱਡਾ ਕਰਕੇ ਸਲਾਹੁਣਾ ਚਾਹੀਦਾ ਹੈ। ਸਤਿਗੁਰਾਂ ਦੀ ਮਹਿਮਾ ਕੱਥਨ ਤੋਂ ਬਾਹਰ ਹੈ। ਦਰਅਸਲ, ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਖੁਦ ਨਾਰਾਇਣ ਰੂਪ ਹੀ ਹਨ, ਇਸ ਤੋਂ ਵੱਧ ਹੋਰ ਕੀ ਕਿਹਾ ਜਾ ਸਕਦਾ ਹੈ:

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥... ॥੨॥੧੬॥**
**(ਸਵਈਏ ਮਹਲੇ ਤੀਜੇ ਕੇ ੩, ਪੰਨਾ: ੧੩੯੫)**

ਗੁਰੂ ਸਾਹਿਬ ਕਿਰਪਾ ਕਰਨ, ਆਪਾਂ ਗੁਰਬਾਣੀ ਰਾਹੀਂ ਗੁਰੂ ਜੀ ਦਾ ਜਸ ਕਰੀਏ ਅਤੇ ਉਨ੍ਹਾਂ ਦੀ ਉੱਚੀ ਵਡਿਆਈ ਮਨ ਵਿਚ ਵਸਾ ਕੇ ਆਪਣਾ ਆਤਮਿਕ ਜੀਵਨ ਉੱਚਾ ਕਰੀਏ। ਇਸ ਕਾਰਜ ਲਈ ਰਾਮਕਲੀ ਕੀ ਵਾਰ ਅਤੇ ਭੱਟਾਂ ਦੇ ਸਵੱਈਆਂ ਦਾ ਪਾਠ ਬਾਰੰ-ਬਾਰ ਕਰਨਾ ਬਹੁਤ ਸਹਾਇਕ ਅਤੇ ਅਤਿ-ਸੁਖਦਾਇਕ ਹੈ।

Email : xkulbirsingh@outlook.com

## ਪੇਸ਼-ਏ-ਖਿਦਮਤ ਹੈ, ਗੁਰਪੁਰਬ ਦੇ ਮੌਕੇ 'ਤੇ, ਸਤਿਗੁਰੂ ਜੀ ਦੇ ਪਿਆਰ ਵਿਚ ਇਕ ਛੋਟੀ ਜਿਹੀ ਕਵਿਤਾ :

ਮੇਰਾ ਸਤਿਗੁਰ ਦੁਖਦਾਰੀ, ਹਉਮੈ ਰੋਗ ਸਭ ਨਿਵਾਰੀ,
ਬਿਬੇਕੀ ਬਡੋ ਸੁਚਾਚਾਰੀ, ਗੁਰੂ ਨਾਨਕ ਨਿਰੰਕਾਰੀ।੧।

ਸਭ ਦੁਨੀ ਜਿਨ ਤਾਰੀ, ਉਪਮਾ ਜਾਇ ਨਾ ਕਥਾਰੀ,
ਤਜੀ ਸਭ ਲੋਕਾਚਾਰੀ, ਇਕ ਨਾਮ ਦੀ ਗੱਲ ਸਾਰੀ।੨।

ਕਮਲ ਜੀਹਦੇ ਚਰਨਾਰੀ, ਮੁਖੜਾ ਬਹੁਤ ਰੋਸ਼ਨਾਰੀ।
ਕਾਇਆ— ਸੋਨਾ ਕੰਚਨਾਰੀ, ਗੁਰੂ ਸਭ ਤੋਂ— ਨਿਆਰੀ।੩।

ਨਾਮ ਲਏ ਜੋ ਇਕ ਵਾਰੀ, ਤਰ ਜਾਵੇ ਭਵਜਲ ਭਾਰੀ।
ਕੀਮਤ ਕੋ ਕਹਿ ਨ ਸਕਾਰੀ, ਗੁਰੂ ਨਾਨਕ ਨਿਰੰਜਨਾਰੀ।੪।

ਉਪਮਾ ਬਹੁਤ ਬਿਸਥਾਰੀ, ਤ੍ਰੈਗੁਣਾਂ— ਤੋਂ— ਅਪਰੰਪਾਰੀ।
ਬਾਣੀ ਮਿੱਠੀ ਅੰਮ੍ਰਿਤਧਾਰੀ, ਗੁਰੂ ਨਾਨਕ ਗੁਣਕਾਰੀ।੫।

ਕਲਿਜੁਗ ਜ਼ੋਰ ਲਾਵੇ ਭਾਰੀ, ਮਾਇਆ ਵੀ ਥੱਕ ਹਾਰੀ।
ਝੱਖੜ ਵਡੇ ਤੋਂ— ਵਡਾਰੀ, ਗੁਰ ਨਾਨਕ ਮੇਰ ਅਪਾਰੀ।੬।

ਕੁਲਬੀਰ ਸਿੰਘ ਕੁਰਬਾਨਾਰੀ, ਤਲੀ ਖਾਕ ਤੋ ਬਲਿਹਾਰੀ।
ਖਤਮ ਕਰੋ ਸਾਡੀ ਖੁਆਰੀ, ਬਣੀਏ ਗੁਰਮੁਖ ਦੀਦਾਰੀ।੭।

- ਭਾਈ ਕੁਲਬੀਰ ਸਿੰਘ ਟੋਰਾਂਟੋ

# ਗੁਰਮੰਤ੍ਰ ਅਤੇ ਗੁਰਬਾਣੀ

**ਗੁਰਪੁਰਵਾਸੀ ਭਾਈ ਸਾਹਿਬ**
**ਭਾਈ ਰਣਧੀਰ ਸਿੰਘ ਜੀ**

ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ ਹਰ ਇਕ ਸ਼ਬਦ ਗੁਰਬਾਣੀ ਰੂਪ ਹੈ। ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰ-ਸ਼ਬਦ, ਗੁਰਮੰਤ੍ਰ, ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜ੍ਹਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ। ਪਰ ਇਹ ਨਹੀਂ ਕਹਿ ਸਕਦੇ ਕਿ ਗੁਰਬਾਣੀ ਤੋਂ ਵਖਰਾ ਕੋਈ ਇਕ ਗੁਰ-ਸ਼ਬਦ ਨਹੀਂ। ਗੁਰਬਾਣੀ ਤੋਂ ਵਖਰਾ ਨਹੀਂ, ਗੁਰਬਾਣੀ ਦੇ ਵਿਚੇ ਹੀ ਹੈ, ਪਰ ਅੰਮ੍ਰਿਤ ਬਾਣੀ ਦਾ ਤੱਤ-ਸਾਰ, ਪਰਮ ਅੰਮ੍ਰਿਤ ਤੱਤ, ਜਿਸ ਨੂੰ ਸਾਰੀ ਗੁਰਬਾਣੀ ਦ੍ਰਿੜ੍ਹਾਉਂਦੀ ਹੈ।

ਸਾਰੀ ਗੁਰਬਾਣੀ ਗੁਰ-ਉਪਦੇਸ਼ ਰੂਪ ਹੈ ਤੇ ਗੁਰਬਾਣੀ ਅੰਦਰ ਆਏ ਸਮੂਹ ਗੁਰ-ਸ਼ਬਦ ਭੀ ਗੁਰ-ਉਪਦੇਸ਼ ਰੂਪ ਹਨ ਅਤੇ ਗੁਰਬਾਣੀ ਅੰਦਰਲੇ ਸਮੁਚੇ ਸ਼ਬਦ ਗੁਰਬਾਣੀ ਰੂਪ ਹਨ। ਨਾਮ (ਗੁਰਮੰਤ੍ਰ) ਭੀ ਗੁਰਬਾਣੀ ਰੂਪ ਹੈ। ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ ਹਰ ਇਕ ਸ਼ਬਦ ਗੁਰਬਾਣੀ ਰੂਪ ਹੈ। ਗੁਰਬਾਣੀ ਖ਼ੁਦ ਭੀ ਗੁਰ-ਸ਼ਬਦ ਰੂਪ ਹੈ। ਹਰ ਇਕ ਗੁਰ-ਸ਼ਬਦ ਭੀ ਗੁਰਬਾਣੀ ਰੂਪ ਹੈ। ਪ੍ਰੰਤੂ ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰ-ਸ਼ਬਦ, ਗੁਰਮੰਤ੍ਰ, ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜ੍ਹਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ।

ਪਰ ਇਹ ਨਹੀਂ ਕਹਿ ਸਕਦੇ ਕਿ ਗੁਰਬਾਣੀ ਤੋਂ ਵਖਰਾ ਕੋਈ ਇਕ ਗੁਰ-ਸ਼ਬਦ ਨਹੀਂ। ਗੁਰਬਾਣੀ ਤੋਂ ਵਖਰਾ ਨਹੀਂ, ਗੁਰਬਾਣੀ ਦੇ ਵਿਚੇ ਹੀ ਹੈ, ਪਰ ਅੰਮ੍ਰਿਤ ਬਾਣੀ ਦਾ ਤੱਤ-ਸਾਰ, ਪਰਮ ਅੰਮ੍ਰਿਤ ਤੱਤ, ਜਿਸ ਨੂੰ ਸਾਰੀ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਤੇ ਜਿਸ ਅੰਮ੍ਰਿਤ ਤੱਤ-ਸਾਰ-ਸ਼ਬਦ ਨੂੰ ਸਾਰੀ ਬਾਣੀ ਦੇ ਸ਼ਬਦ ਵਿਲੱਖਣ ਰੂਪ ਵਿਚ ਲਖਾਉਂਦੇ ਹਨ।

## ਗੁਰਮੰਤ੍ਰ ਦਾ ਵਿਲੱਖਣ ਰੂਪ-

ਗੁਰਬਾਣੀ ਦੇ ਪਾਠ ਤੋਂ ਸਾਫ਼ ਪਤਾ ਲਗ ਜਾਂਦਾ ਹੈ ਕਿ ਗੁਰਬਾਣੀ ਦੇ ਸ਼ਬਦ, ਗੁਰਬਾਣੀ ਤੇ ਗੁਰਸ਼ਬਦ ਦੀ ਮਹਿਮਾ ਤੇ ਮਹੱਤਤਾ ਵਖੋ ਵਖ ਦਰਸਾਉਂਦੇ ਤੇ ਗੁਰਸ਼ਬਦ (ਗੁਰਮੰਤ੍ਰ) ਨੂੰ ਨਿਆਰਾ ਕਰ ਕੇ ਲਖਾਉਂਦੇ ਹਨ:-

(੧) **ਜੀਵਨ ਮੁਕਤਿ ਗੁਰ ਸਬਦੁ ਕਮਾਏ... ੬॥ ( ॥੧੬॥੫॥੧੪॥)**

**(ਮਾਰੂ ਮਹਲਾ ੩, ਪੰਨਾ : ੧੦੫੮)**

ਇਥੇ ਗੁਰ-ਸ਼ਬਦ ਦੀ ਕਮਾਈ ਵਿਲੱਖਣ ਰੂਪ ਵਤ ਹੈ। ਗੁਰ-ਸ਼ਬਦ ਤੋਂ ਭਾਵ ਗੁਰਮੰਤ੍ਰ ਗੁਰਮਤਿ ਨਾਮ ਹੈ। "ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥" (॥੫॥੧੪॥) (ਮਾਰੂ ਮਹਲਾ ੩, ਪੰਨਾ : ੧੦੫੮) ਏਥੇ ਭੀ ਗੁਰਬਾਣੀ ਤੇ ਨਾਮ ਦੀ ਮਹੱਤਤਾ ਨਿਆਰੀ ਹੈ, ਅਰਥਾਤ ਗੁਰਬਾਣੀ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਹੈ, ਕਿਉਂਕਿ ਗੁਰਬਾਣੀ ਹੀ "ਹਰਿ ਜਪੁ ਜਾਪਿ ਸਮਾਹਾ ਹੇ" ਦੀ ਜੁਗਤੀ ਦਸਦੀ ਹੈ।

(੨) **ਮਾਇਆ ਮੋਹੁ ਸਬਦਿ ਜਲਾਏ ॥ ਮਨੁ ਤਨੁ ਹਰਿਆ ਸਤਿਗੁਰ ਭਾਏ ॥ ਸਫਲਿਉ ਬਿਰਖੁ ਹਰਿ ਕੈ ਦੁਆਰਿ ॥ ਸਾਚੀ ਬਾਣੀ ਨਾਮ ਪਿਆਰਿ ॥੧॥ ( ॥੪॥੬॥)**

**(ਬਸੰਤੁ ਮਹਲਾ ੩, ਪੰਨਾ : ੧੧੭੩-੭੪)**

ਇਥੇ ਸ਼ਬਦ ਤੋਂ ਭਾਵ ਨਾਮ ਗੁਰਮੰਤ੍ਰ ਦਾ ਹੈ ਕਿ ਨਾਮ ਦੁਆਰਾ, ਗੁਰ-ਸ਼ਬਦ ਦੁਆਰਾ ਮਾਇਆ ਮੋਹ ਜਲਾਈਦਾ ਹੈ ਅਤੇ " ਸਫਲਿਉ ਬਿਰਖੁ ਹਰਿ ਕੈ ਦੁਆਰਿ॥" ਦੀ ਕਿਸ ਬਿਧਿ ਬਿਉਂਤ ਬਣ ਆਉਂਦੀ ਹੈ- "ਸਾਚੀ ਬਾਣੀ ਨਾਮ ਪਿਆਰਿ॥" ਅਰਥਾਤ ਸੱਚੀ ਬਾਣੀ ਅਤੇ ਨਾਮ ਦੇ ਪਿਆਰ (ਪ੍ਰੇਮ-ਕਮਾਈ) ਦੁਆਰਾ।

(੩) **ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿਰਾਮ ਜੀਉ...॥੧॥ ( ॥੪॥੧॥)**

**(ਰਾਗੁ ਸੂਹੀ ਮਹਲਾ ੪ ਛੰਤ ਘਰੁ ੧, ਪੰਨਾ : ੭੭੩)**

ਏਸ ਗੁਰ ਪ੍ਰਮਾਣ ਅੰਦਰ ਭੀ ਨਾਮ (ਗੁਰ-ਸ਼ਬਦ) ਅਤੇ ਬਾਣੀ ਦੀ ਭਿੰਨ ਭਿੰਨ ਮਹਿਮਾ ਵਰਨਣ ਹੈ, "ਹਰਿ ਹਰਿ ਨਾਮੁ ਧਿਆਇ" ਅਤੇ "ਗੁਰਬਾਣੀ ਨਿਤ ਨਿਤ ਚਵਾ" ਦਾ ਵਖੋ ਵਖ ਭਾਵ ਨਾਮ ਧਿਆਉਣਾ, ਅਰਥਾਤ ਗੁਰ-ਸ਼ਬਦ ਗੁਰਮੰਤ੍ਰ ਦਾ ਸੁਆਸ ਸੁਆਸ ਅਭਿਆਸ ਕਰਨਾ ਅਤੇ ਨਿਤਾਪ੍ਰਤਿ ਗੁਰਬਾਣੀ ਗਾਵਣਾ ਹੈ। ਗੁਰਬਾਣੀ ਸੁਆਸ ਸੁਆਸ ਨਹੀਂ ਗਾਈ ਜਾ ਸਕਦੀ, ਸਾਸ ਗ੍ਰਾਸ ਕੇਵਲ ਗੁਰਮੰਤ੍ਰ ਦਾ ਅਭਿਆਸ ਹੀ ਸੰਭਵ ਹੈ। "ਕਾਇਆ ਸੇਜ ਗੁਰ ਸਬਦਿ ਸੁਖਾਲੀ...॥੪॥੧॥" (ਰਾਗੁ ਸੂਹੀ ਮਹਲਾ ੪ ਛੰਤ ਘਰੁ ੧, ਪੰਨਾ : ੭੭੩) ਅਰਥਾਤ ਕਾਇਆ ਰੂਪੀ ਸੇਜ ਨੂੰ ਸਦਾ ਸੁਖ ਗੁਰ-ਸ਼ਬਦ, ਭਾਵ ਨਾਮ ਅਭਿਆਸ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਕਿਉਂਕਿ ਪਾਰਸ-ਨਾਮ ਦੇ ਅਭਿਆਸ ਅੰਦਰ ਅੰਮ੍ਰਿਤ-ਕਲਾ ਹੈ। ਇਸ ਅੰਮ੍ਰਿਤ-ਕਲਾ ਦੁਆਰਾ ਘਟ ਅੰਤਰ ਅੰਮ੍ਰਿਤ ਰਸ ਵਿਗਾਸਦਾ ਹੈ, ਜਿਸ ਨੂੰ ਨਾਮ ਦੇ ਅਭਿਆਸੀ ਹੀ ਜਾਣਦੇ

ਹਨ।

## ਗੁਰਬਾਣੀ ਦੇ ਪਾਠ ਦਾ ਲਾਭ:

**(੪) ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥**
**ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥**
( ॥੮॥੧॥੪॥)
**(ਮਲਾਰ ਮਹਲਾ ੧ ਅਸਟਪਦੀਆ ਘਰੁ ੨, ਪੰਨਾ : ੧੨੭੫)**

ਭਾਵ ਸਪੱਸ਼ਟ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ ਹੈ। "**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥...॥੫॥**" ( ॥੮॥੪॥) **(ਨਟ ਮਹਲਾ ੪, ਪੰਨਾ : ੯੮੨)** ਗੁਰਬਾਣੀ ਦੇ ਪਠਨ ਮਾਤਰ (ਪੜ੍ਹਨ ਮਾਤਰ) ਨਾਲ ਹੀ ਅੰਮ੍ਰਿਤ-ਕਲਾ ਵਰਤ ਜਾਂਦੀ ਹੈ। ਨਿਸ ਦਿਨ ਗੁਰਬਾਣੀ ਦਾ ਅਖੰਡ ਪਾਠ ਕਰੀ ਜਾਣਾ ਤਾਂ ਅਗਾਧ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਜਿਨ੍ਹਾਂ ਗੁਰਬਾਣੀ ਦੇ ਪਾਠ ਦੀ ਅਖੰਡ ਕਮਾਈ ਕੀਤੀ ਹੈ, ਤਿਨ੍ਹਾਂ ਨੇ ਗਟਾਕ ਰਸ, ਅੰਮ੍ਰਿਤ ਦਾ ਰਸ ਪੀਤਾ ਹੈ ਅਤੇ ਜਿਉਂ-ਜਿਉਂ ਗੁਰਬਾਣੀ ਦੀ ਅਖੰਡ-ਪਾਰਸ-ਕਲਾ ਵਰਤੀ ਹੈ, ਤਿਉਂ ਤਿਉਂ ਨਾਮ ਦਾ ਖੰਡਾ ਅਭਿਆਸੀ ਜਨਾਂ ਦੇ ਘਟ ਅੰਤਰ ਹੋਰ ਭੀ ਜ਼ੋਰੋ ਜ਼ੋਰ ਆਪਣੇ ਆਪ ਖੜਕਦਾ ਹੈ, ਯਥਾ ਗੁਰਵਾਕ- "**ਗੁਰਮੁਖਿ ਬਾਣੀ ਨਾਦੁ ਵਜਾਵੈ ॥...॥੨॥**" ( ॥੧੬॥੧॥੧੫॥) **(ਮਾਰੂ ਮਹਲਾ ੩, ਪੰਨਾ : ੧੦੫੮ )** ਨਾਮ ਅੰਮ੍ਰਿਤ ਦੇ ਖੜਗੇਸ਼ੀਆਂ ਨੂੰ ਗੁਰਬਾਣੀ ਹੋਰ ਭੀ ਅਤਿ ਮਿਠੀ ਤੇ ਪਿਆਰੀ ਲਗਦੀ ਹੈ। ਨਾਮ ਦੇ ਰਸਿਕ-ਬੈਰਾਗੀਆਂ ਨੂੰ ਅੰਮ੍ਰਿਤ ਬਾਣੀ ਦਾ ਅੰਮ੍ਰਿਤ-ਰਸ ਹੋਰ ਵਧੀਕ ਆਉਂਦਾ ਹੈ। ਅੱਲ੍ਹੜ ਜਗਿਆਸੂ ਭੀ ਜੇ ਗੁਰਬਾਣੀ ਦੇ ਪਾਠ ਵਿਚ ਜੁਟ ਜਾਣ ਤਦ ਭੀ ਅੰਮ੍ਰਿਤ ਬਾਣੀ ਦਾ ਅਸਰ ਆਹਲਾ ਨਹੀਂ ਜਾਂਦਾ; ਪਾਰਸ ਬਾਣੀ ਜੁ ਹੋਈ, ਉਸ ਨੇ ਪਾਰਸ-ਕਲਾ ਜ਼ਰੂਰ ਵਰਤਾਉਣੀ ਹੈ। ਏਥੇ ਸੋਚ ਵਿਚਾਰ ਅਥਵਾ ਬਾਣੀ ਦੀ ਅਰਥਾਬੰਦੀ ਦੀ ਲੋੜ ਨਹੀਂ, ਧੁਰ ਦੀ ਬਾਣੀ ਦੀ ਅਰਥਾਬੰਦੀ ਹੀ ਕੀ ? ਸਰਬੱਗ ਮਹਾਂ ਪੁਰਖਾਂ ਦੀ ਬਾਣੀ ਦਾ ਅਰਥ ਅਲਪੱਗ ਮਾਨੁਆਂ ਨੇ ਆਪਣੀ ਮਨ ਦੀ ਮਤਿ ਅਨੁਸਾਰ ਹੀ ਲਾਉਣਾ ਹੋਇਆ, ਜੋ ਗੁਰਮਤਿ ਤੋਂ ਕੋਸੋਂ ਦੂਰ ਰਹਿ ਜਾਂਦਾ ਹੈ। ਤਾਂਤੇ ਗੁਰਬਾਣੀ ਦਾ ਪਠਨ ਮਾਤ੍ਰ ਹੀ ਦਰਕਾਰ ਹੈ। ਪਾਰਸ ਨੇ ਆਪਣੀ ਪਾਰਸ-ਸ਼ਕਤੀ ਦੁਆਰਾ ਕਲਾ ਵਰਤਾਉਣੀ ਹੀ ਹੈ, ਕੇਵਲ ਉਸ ਨੂੰ ਪਰਸਣ ਦੀ ਹੀ ਲੋੜ ਹੈ। ਰਸਨਾ ਤੇ ਆਈ ਗੁਰਬਾਣੀ ਅੰਮ੍ਰਿਤ ਕਲਾ ਪ੍ਰਗਟਾਇਕ ਹੈ। ਮੁਖ ਰਸਨਾ ਦੁਆਰਾ ਉਚਾਰਨ ਕਰਿ ਹੀ ਗੁਰਮੰਤ੍ਰ ਬਾਣੀ ਰੂਪ ਹੈ।

## ਗੁਰਮੰਤ੍ਰ ਦਾ ਅਭਿਆਸ-

ਗੁਰਮੰਤ੍ਰ ਨੂੰ ਪ੍ਰਿਥਮ ਰਸਨਾ ਦੁਆਰਾ ਹੀ ਰਟਨ ਕੀਤਾ ਜਾਂਦਾ ਹੈ। ਰਟਨ ਮਾਤ੍ਰ ਕਰਿ ਗੁਰਮੰਤ੍ਰ ਘਟ ਅੰਤਰ ਅੰਮ੍ਰਿਤ-ਰਸ ਉਪਜਾਇਕ ਹੈ। ਇਹ ਗੁਰਮੰਤ੍ਰ ਗੁਰਬਾਣੀ ਦੀ ਅੰਮ੍ਰਿਤ-ਗੋਝ-ਕਲਾ ਫ਼ਿਲਾਸਫ਼ੀ ਹੈ। ਇਹ ਨਾਮ ਅਭਿਆਸੀ ਸਾਇੰਸ,

ਫ਼ਿਲਾਸਫ਼ੀਆਂ ਨਾਲੋਂ ਨਿਰਾਲੀ ਤੇ ਵਿਲੱਖਣੀ ਹੈ।

**(੫) ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥**
**ਐਥੈ ਓਥੈ ਏਹੁ ਅਧਾਰੁ ॥...॥੩॥**
( ॥੪॥੭॥੧੭॥੭॥੨੪)
**(ਪ੍ਰਭਾਤੀ ਮਹਲਾ ੩, ਪੰਨਾ : ੧੩੩੫)**

ਏਥੇ ਗੁਰ ਕੀ ਬਾਣੀ ਦਾ ਭਾਵ 'ਗੁਰ ਕੀ ਬਾਣੀ ਸਬਦਿ ਵਖਾਣੀ' ਦਾ ਹੈ। ਨਿਰੋਲ ਗੁਰਬਾਣੀ ਦਾ ਪਿਆਰ ਭੀ ਅਹਿਨਿਸ ਗੁਰਬਾਣੀ ਦਾ ਵਖਾਨਣਾ ਅਥਵਾ ਗੁਰਬਾਣੀ ਦੁਆਰਾ ਦ੍ਰਿੜ੍ਹਾਏ ਨਾਮ ਦਾ ਅਖੰਡ ਜਾਪ ਅਭਿਆਸ ਕਰਨਾ ਹੈ।

**(੬) ਗੁਰੁ ਪੂਰਾ ਪੂਰੀ ਤਾ ਕੀ ਕਲਾ ॥**
**ਗੁਰ ਕਾ ਸਬਦੁ ਸਦਾ ਸਦ ਅਟਲਾ ॥**
**ਗੁਰ ਕੀ ਬਾਣੀ ਜਿਸੁ ਮਨਿ ਵਸੈ ॥**
**ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥** ( ॥੪॥੮)
**(ਪ੍ਰਭਾਤੀ ਮਹਲਾ ੫, ਪੰਨਾ : ੧੩੩੯-੪੦)**

ਏਥੇ ਗੁਰ ਕਾ ਸ਼ਬਦ ਤੋਂ ਭਾਵ ਗੁਰ-ਸ਼ਬਦ ਅਰਥਾਤ ਗੁਰਮੰਤ੍ਰ ਗੁਰਮਤਿ ਨਾਮ ਹੈ। ਇਸ ਵਿਚ ਪੂਰੀ ਅੰਮ੍ਰਿਤ-ਕਲਾ ਸਦਾ ਸਦ ਅਟੱਲ ਰਹਿਣ ਵਾਲੀ ਅੰਮ੍ਰਿਤ-ਰਸ-ਉਪਜਾਇਕ ਅਤੇ ਆਤਮਿਕ ਦਰਸਾਇਕ, ਪ੍ਰਮਾਤਮ ਲਖਾਇਕ, ਸਾਂਗੋ ਪਾਂਗ ਸਨਮੁਖ ਰਖਾਇਕ ਕਲਾ ਹੈ। "ਗੁਰ ਕੀ ਬਾਣੀ ਜਿਸੁ ਮਨਿ ਵਸੈ" ਤੋਂ ਭਾਵ ਇਹ ਹੈ ਕਿ ਗੁਰਬਾਣੀ ਸੇਤੀ ਜਿਸ ਦਾ ਮਨ ਮਾਨਿਆ ਹੈ, ਜਿਸ ਦੀ ਸੱਚੀ ਸ਼ਰਧਾ ਗੁਰਬਾਣੀ ਉਪਰ ਆਈ ਹੈ, ਜਿਸ ਨੂੰ ਗੁਰਬਾਣੀ ਮਿੱਠੀ ਲਗੀ ਹੈ, ਜਿਸ ਨੇ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਿ ਮੰਨੀ ਹੈ, ਦੁਖ ਦਰਦ ਤਿਸ ਦਾ ਸਭ ਹੀ ਨਠ ਜਾਂਦਾ ਹੈ, ਕਿਉਂਕਿ ਗੁਰਬਾਣੀ ਦੇ ਮਨ ਅੰਦਰ ਵਸਣ ਕਰਕੇ ਹੀ ਨਾਮ ਦ੍ਰਿੜ੍ਹ ਹੁੰਦਾ ਹੈ। ਗੁਰਬਾਣੀ ਦੀ ਪਰਮ ਆਗਿਆ, ਗੁਰਬਾਣੀ ਦਾ ਪਰਮ ਤੱਤ-ਸਾਰ 'ਨਾਮ ਜਪਣਾ' ਹੈ। ਤਿਨ੍ਹਾਂ ਨੇ ਹੀ ਗੁਰਬਾਣੀ ਸਤਿ ਸਤਿ ਕਰਿ ਮੰਨੀ ਹੈ, ਜਿਨ੍ਹਾਂ ਨੇ ਗੁਰਬਾਣੀ ਦੇ ਨਾਮ ਜਪਣ ਰੂਪੀ ਹੁਕਮ ਉਤੇ ਪਹਿਰਾ ਦਿੱਤਾ ਹੈ, ਅਰਥਾਤ ਜਿਨ੍ਹਾਂ ਨੂੰ ਨਾਮ ਜਪਣਾ ਦ੍ਰਿੜ੍ਹ ਹੋ ਗਿਆ ਹੈ।

ਗੁਰਬਾਣੀ ਅਤੇ ਗੁਰ-ਸ਼ਬਦ (ਗੁਰਮੰਤ੍ਰ ਨਾਮ) ਦਾ ਪਾਰਸ-ਕਲਾ ਲਖਾਇਕ ਭਾਵ ਇਕੋ ਹੀ ਹੈ, ਪ੍ਰੰਤੂ ਦਾਤਿ ਜੋਤਿ ਲਖਾਉਣੀ ਜੁਗਤ ਵਿਚ ਭਿੰਨਤਾ ਹੈ। ਗੁਰਬਾਣੀ ਕੇਵਲ ਬੈਖਰੀ ਬਾਣੀ ਅਰਥਾਤ ਮੁਖ ਅਤੇ ਰਸਨਾ ਕਰਕੇ ਹੀ ਰਟੀ ਜਪੀ ਜਾ ਸਕਦੀ ਹੈ, ਪ੍ਰੰਤੂ ਗੁਰ-ਸ਼ਬਦ ਦਾ ਅਭਿਆਸ ਰਸਨਾ ਦੁਆਰਾ ਭੀ ਹੋ ਸਕਦਾ ਹੈ, ਸੁਆਸਾਂ ਤੇ ਸੁਰਤੀ ਦੁਆਰਾ ਭੀ ਹੋ ਸਕਦਾ ਹੈ। ਗੁਰ-ਸ਼ਬਦ ਦੇ ਅਭਿਆਸ ਦੁਆਰਾ ਸਾਸ ਸਾਸ ਲੇਖੇ ਲਗ ਜਾਂਦਾ ਹੈ। ਇਕ ਸੁਆਸ ਵੀ ਬਿਰਥਾ ਨਹੀਂ ਜਾਂਦਾ, ਕਿਉਂਕਿ ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ, ਰਸਨਾ ਦੁਆਰਾ, ਅਥਵਾ ਸੁਆਸਾਂ ਦੁਆਰਾ ਯਾ ਸੁਰਤੀ ਦੁਆਰਾ।

## ਅਠ-ਪਹਿਰੀ ਕੁੰਜੀ-

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡਲੂਮ ਪੰਚ-ਦੂਤ-ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫ਼ਤਾਰ ਵਿਚ ਚਲਦਾ ਰਹਿੰਦਾ ਹੈ।

ਖ਼ਾਸ ਕਰ ਜਿਨ੍ਹਾਂ ਗੁਰਮਤਿ ਜਗਿਆਸੂਆਂ ਨੂੰ ਖੰਡੇ ਦੇ ਅੰਮ੍ਰਿਤ-ਸਿੰਚਾਰ (ਛਕਣ) ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ ਅਭਿਆਸ ਦ੍ਰਿੜ੍ਹ ਹੋ ਚੁੱਕਾ ਹੋਵੇ, ਉਨ੍ਹਾਂ ਦੇ ਘਟ ਅੰਤਰ ਤਾ ਉਸੇ ਦਿਨ ਦੀ ਅਖੰਡ ਚਾਬੀ ਲਗ ਗਈ ਜਾਣੋ। ਉਨ੍ਹਾਂ ਲਈ ਅੰਮ੍ਰਿਤ ਵੇਲੇ ਦੀ ਨਾਮ ਅਭਿਆਸ ਕਮਾਈ ਸੋਨੇ ਤੇ ਸੁਹਾਗੇ ਦਾ ਰੰਗ ਦਿੰਦੀ ਹੈ।

## ਨਾਮ ਦੇ ਅਭਿਆਸ ਸਬੰਧੀ ਗੁਰਬਾਣੀ ਦੇ ਪਾਠ ਦਾ ਅਸਰ-

ਨਾਮ ਦੇ ਅਭਿਆਸੀਆਂ ਲਈ ਗੁਰਬਾਣੀ ਦੀ ਸ੍ਰੋਤ ਅਥਵਾ ਪਾਠ-ਕਮਾਈ ਭੀ ਨਾਮ ਦੇ ਰੰਗਾਂ ਨੂੰ ਅਕਹਿ ਜੋਤਿ-ਰਸਿਕ-ਜਲਵਿਆਂ ਵਿਚ ਪ੍ਰਜ੍ਵਲਤ ਕਰਾਉਂਦੀ ਹੈ। ਨਾਮਹੀਣ ਯਾ ਨਾਮ-ਕਮਾਈ-ਹੀਣ ਗੁਰਮਤਿ ਜਗਿਆਸੂਆਂ ਦੇ ਸੁਆਸਾਂ ਨੂੰ ਗੁਰਬਾਣੀ ਉਤਨਾ ਚਿਰ ਹੀ ਸਫਲ ਕਰਾਉਣ ਵਿਚ ਸਹਾਈ ਹੈ, ਜਿਤਨਾ ਚਿਰ ਕਿ ਗੁਰਬਾਣੀ ਦਾ ਰਟਨ ਅਥਵਾ ਸ੍ਰਵਣ ਪ੍ਰਾਪਤ ਹੈ। ਜਿਉਂ ਜਿਉਂ ਤੇ ਜਿਤਨਾ ਚਿਰ ਗੁਰਬਾਣੀ ਦਾ ਸ੍ਰਵਣ, ਪਠਨ ਰੂਪੀ ਸਪੱਰਸ਼ ਹੁੰਦਾ ਰਹਿੰਦਾ ਹੈ, ਤਿਉਂ ਤਿਉਂ ਜਗਿਆਸੂ ਦੀ ਬੁੱਧੀ ਹੋਰ ਤੇ ਹੋਰ ਸੈਕਲ ਹੁੰਦੀ ਰਹਿੰਦੀ ਹੈ। ਗੁਰਬਾਣੀ ਪਾਰਸ ਰੂਪ ਜੁ ਹੋਈ, ਪਰੰਤੂ ਸਮੁੱਚੇ ਸੁਆਸ ਲੇਖੇ ਨਹੀਂ ਲਗਦੇ, ਅਰਥਾਤ ਸੁਆਸ ਸੁਆਸ ਬਾਣੀ ਦਾ

ਅਭਿਆਸ ਅਸੰਭਵ ਹੈ। ਗੁਰਬਾਣੀ ਦਾ ਭਾਵ ਹਿਰਦੇ ਵਿਚ ਉਤਨਾ ਚਿਰ ਹੀ ਪ੍ਰਬਲ ਰਹਿੰਦਾ ਹੈ ਜਿਤਨਾ ਚਿਰ ਗੁਰਬਾਣੀ ਦਾ ਸੇਵਨ ਹੁੰਦਾ ਰਹੇ। ਇਸ ਅਰਸੇ ਵਿਚ ਮਨ ਮੈਗਲ (ਹਾਥੀ ਰੂਪ ਮਨ) ਔਝੜ ਪੈਂਦਾ ਰਹਿੰਦਾ ਹੈ। ਇਸ ਮਨ-ਮੈਗਲ ਉਤੇ ਖਿਨ ਖਿਨ ਗੁਰ-ਸ਼ਬਦ ਰੂਪ ਅਭਿਆਸ ਦੇ ਅੰਕਸ ਦੀ ਸੱਟ ਪੈਂਦੀ ਰਹੇ ਤਦੇ ਹੀ ਇਹ ਵਸਗਤਿ ਹੁੰਦਾ ਹੈ। ਗੁਰਬਾਣੀ ਦੀਆਂ ਅੰਮ੍ਰਿਤ-ਪਾਰਸ-ਸੱਟਾਂ ਭੀ ਇਸ ਨੂੰ ਸੈਕਲ ਕਰਨ ਹਿਤ ਬਹੁਤ ਕੁਛ ਸਹਾਈ ਹਨ। ਅਤੇ ਗੁਰਬਾਣੀ ਦਾ ਭਾਵ ਹਰ ਵਕਤ ਹਿਰਦੇ ਅੰਦਰ ਅੰਕਿਤ ਨਹੀਂ ਰਹਿ ਸਕਦਾ। ਇਸ ਕਰਕੇ ਅੰਮ੍ਰਿਤ-ਬਾਣੀ ਆਪਣੇ ਅੰਮ੍ਰਿਤ-ਸਫੁਟ-ਤੱਤ, ਅਰਥਾਤ ਗੁਰਮਤਿ ਨਾਮ ਨੂੰ ਜੋ ਦ੍ਰਿੜ੍ਹਾਉਂਦੀ ਹੈ ਉਸ ਤੇ ਅਮਲ ਕੀਤਿਆਂ ਹੀ ਸੁਆਸ ਸਫਲਾ ਹੋ ਸਕਦਾ ਹੈ। ਨਾਮ ਦੀ ਰਸਿਕ ਜੋਤਿ ਪ੍ਰਜ੍ਵਲਤ ਹੋਣ ਤਕ ਸਿਲ ਅਲੂਣੀ ਚੱਟਣੀ ਲਗਦੀ ਹੈ। ਜਦੋਂ ਜੋਤਿ ਰਸ ਪ੍ਰਜ੍ਵਲਤ ਹੋ ਗਿਆ, ਫੇਰ ਇਸ ਜੋਤਿ-ਰਸ ਦੇ ਆਸਰੇ ਨਾਮ-ਨੁਮਾ ਰਸ "ਛੋਡਿਆ ਨਾ ਜਾਇ" ਦੀ ਬਿਵਸਥਾ ਵਿਚ ਆ ਕੇ ਮਨ-ਮੈਗਲ ਨੂੰ ਭਲੀ ਬਿਧ ਵਸਗਤਿ ਕਰ ਲੈਂਦਾ ਹੈ ਅਤੇ ਸੁਰਤਿ ਸੁਆਸ ਦੀ ਪੱਕੀ ਇਕਾਗ੍ਰਤਾ ਸਹਿਜ ਮਤੇ ਹੀ ਆਣ ਪ੍ਰਾਪਤ ਹੁੰਦੀ ਹੈ। ਮੁਢ-ਪ੍ਰਭਾਵ-ਤੁਫ਼ੈਲੀ ਬਰਕਤ ਸਭ ਗੁਰਬਾਣੀ ਦੀ ਹੈ। ਅਤੇ ਫੇਰ ਭੀ ਗੁਰਬਾਣੀ ਦੀ ਸਦਾ ਸਹਾਇਤਾ ਕਮਾਈ ਦਰਕਾਰ ਹੈ। "**ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥...॥੨॥੧੭॥੮੧॥**"(**ਸੋਰਠਿ ਮਹਲਾ ੫, ਪੰਨਾ : ੬੨੮**) ਗੁਰਬਾਣੀ ਦਾ ਕੀਰਤਨ ਨਾਮ ਅਭਿਆਸ ਨੂੰ ਦੂਣ-ਸਵਾਏ ਰੰਗ ਵਿਚ ਨਿਤਾਪ੍ਰਤ ਵਧਾਉਂਦਾ ਰਹਿੰਦਾ ਹੈ। ਨਾਮ ਰੰਗ ਦੀ ਅਤੇ ਨਾਮ-ਜੋਤਿ ਰਸ ਬਿਵਸਥਾ ਦੀ ਥਾਹ ਹਦ ਕੁਛ ਨਹੀਂ, ਪਰੇ ਤੇ ਪਰੇ ਲੀਲ੍ਹਾ ਹੈ।

(੭) **ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥**

**ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥** ( ॥੨੭॥੨॥੧੧॥)

(**ਰਾਮਕਲੀ ਮਹਲਾ ੩, ਪੰਨਾ : ੯੦੯-੧੦**)

"ਭਗਤ ਜਨਾ ਕੀ ਊਤਮ ਬਾਣੀ" ਤੋਂ ਭਾਵ ਧੁਰ ਕੀ ਬਾਣੀ ਗੁਰਬਾਣੀ ਹੀ ਹੈ, ਜੋ ਗੁਰੂ ਰੂਪੀ ਭਗਤਾਂ (ਹਰੀ ਜਨਾਂ) ਦੁਆਰਾ ਅਵਤਰੀ ਹੈ। ਦੂਜੀ ਤੁਕ ਅੰਦਰ ਦਸਿਆ ਹੈ ਕਿ ਜਿਹੜੇ ਇਸ ਪਾਰਸ ਰੂਪੀ ਗੁਰਬਾਣੀ ਨਾਲ ਸਪੱਰਸ਼ ਹੋਏ ਹਨ (ਬਾਣੀ ਲਾਗੈ ਸੋ ਗਤਿ ਪਾਏ) ਉਨ੍ਹਾਂ ਦੀ ਪਰਮ ਗਤੀ ਹੋ ਗਈ ਹੈ। ਗੁਰਬਾਣੀ ਦੁਆਰਾ ਦ੍ਰਿੜ੍ਹਾਏ ਸ਼ਬਦ ਦੇ ਤੁਫੈਲ ਉਹਨਾਂ ਦੀ ਸੱਚ ਵਿਖੇ ਸਮਾਈ ਹੋਈ ਹੈ। ਸੱਚ ਤੋਂ ਭਾਵ ਨਾਮ-ਨਾਮੀ ਅਭੇਦ ਤੋਂ ਹੈ। "**ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰਨਿਧਿ ਪਾਈ॥੨੨॥**" ( ॥੨੭॥੨॥੧੧॥) (**ਰਾਮਕਲੀ ਮਹਲਾ ੩, ਪੰਨਾ : ੯੧੦**) ਇਸ ਦਾ ਪ੍ਰਮਾਰਥੀ ਭਾਵ ਗੁਰ-ਸ਼ਬਦ ਗੁਰ-ਮੰਤ੍ਰ ਦੇ ਅਭਿਆਸ ਦੁਆਰਾ ਘਟ ਅੰਤਰ ਘਟ ਪ੍ਰਗਾਸ ਹੋਣ ਤੋਂ ਹੈ। ਓਹੀ ਨਾਮ ਕੋਟਿ ਜੋਤਿ ਜਗੰਨਾ, ਹੀਰਾ ਰਤਨ ਮਣੀਆ ਹੋ ਕੇ ਆਸ਼ਕਾਰਾ ਹੁੰਦਾ ਹੈ। ਇਸ ਜੋਤਿ-ਪ੍ਰਕਾਸ਼ੀ-ਨਾਮ ਦੇ ਪ੍ਰਭਾਵ ਕਰਕੇ ਨੌਂ ਨਿਧੀਆਂ ਅਤੇ ਰਿਧੀਆਂ ਸਿਧੀਆਂ ਪਰਛਾਵੇਂ ਦੀ ਨਿਆਈਂ ਅਭਿਆਸੀ ਜਨਾਂ ਦੇ ਮਗਰ ਲਗੀਆਂ ਫਿਰਦੀਆਂ ਹਨ। ਪਰ ਉਹਨਾਂ 'ਤਿਲ ਨ ਤਮਾਇ' ਜੋਤਿ-ਪ੍ਰਕਾਸ਼ੀ-ਨਾਮ ਤੁਲ ਹੋਰ ਕਿਹੜੀ ਨਿਧੀ ਹੈ, ਸਰਬ ਨਿਧੀਆਂ ਦਾ ਨਿਧਾਨ ਨਾਮ ਹੈ, ਜੋ ਅੰਤਰ-ਆਤਮੇ ਆਣ (ਉਦੋਤ) ਪ੍ਰਗਟ ਹੋਇਆ। ਗੁਰ-ਮੰਤ੍ਰ-ਰੂਪੀ ਨਾਮ ਸ਼ਬਦ ਦੀ ਅਭਿਆਸ ਕਮਾਈ ਕਰ ਕੇ ਇਹ ਜੋਤਿ-ਪ੍ਰਕਾਸ਼ਕ-ਵਿਸਮਾਦੀ-ਆਨੰਦ ਰੰਗ ਬਝਦੇ ਹਨ। ਏਸ ਦਸ਼ਾ ਅੰਦਰ ਭੀ ਅਭਿਆਸੀ ਦਾ ਨਾਮ ਅਭਿਆਸ ਸੁਰਤੀ ਦੁਆਰਾ ਜਾਰੀ ਰਹਿੰਦਾ ਹੈ ਅਤੇ ਜੋਤਿ-ਰਸਿਕ ਰੰਗਾਂ ਵਿਚ ਸਿਧੰਨਾ (ਸਧਾਇਆ ਹੋਇਆ) ਨਾਮ ਅਗਾਧ ਅਨੰਦ, ਪਰਮ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ, ਜਿਸ ਦੀ ਥਾਹ ਕੋਈ ਨਹੀਂ। ਨਾ ਹੀ ਅਭਿਆਸ ਦਾ ਹੱਦ-ਬੰਨਾ ਕੋਈ ਹੈ, ਨਾ ਹੀ ਜੋਤਿ ਮੰਤ੍ਰ ਅਨੰਦ ਦੀ ਅਸਥਿਰਤਾ ਦੀ ਕੋਈ ਥਾਹ ਹੈ। ਇਸ ਬਿਵਸਥਾ ਅੰਦਰ ਲੀਨ ਹੋਇਆ "**ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥੨੩॥**" ( ॥੨੭॥੨॥੧੧॥) (**ਰਾਮਕਲੀ ਮਹਲਾ ੩, ਪੰਨਾ : ੯੧੦**) ਵਾਲੀ ਸਹਿਜ ਅਵਸਥਾ ਬਝਦੀ ਹੈ ਅਤੇ "**ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ॥੨੪॥**" ( ॥੨੭॥੨॥੧੧॥) (**ਰਾਮਕਲੀ ਮਹਲਾ ੩, ਪੰਨਾ : ੯੧੦**) ਵਾਲੇ ਦਿਬ-ਜੋਤੀ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ ਅਤੇ "**ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ॥੨੫॥**" ( ॥੨੭॥੨॥੧੧॥) (**ਰਾਮਕਲੀ ਮਹਲਾ ੩, ਪੰਨਾ : ੯੧੦**) ਵਾਲੀ ਜੀਵਨ-ਮੁਕਤ ਜੋਤੀ ਜੋਤਿ ਸਮਾਏ ਰਹਿਨ, ਸਦਾ ਸਮਾਏ ਰਹਿਣ ਵਾਲਾ ਉਚ ਮੇਅਰਾਜ ਪ੍ਰਾਪਤ ਹੁੰਦਾ ਹੈ।

(੮) **ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥**

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥...੨੩॥** ( ॥੪੦॥੧॥)

(**ਰਾਮਕਲੀ ਮਹਲਾ ੩ ਅਨੰਦੁ, ਪੰਨਾ : ੯੨੦**)

ਏਸ "ਬਾਣੀਆ ਸਿਰਿ ਬਾਣੀ" ਗੁਰਬਾਣੀ ਦੀ ਕੀਰਤਨ-ਕਲਾ ਦੁਆਰਾ ਨਾਮ-ਅੰਮ੍ਰਿਤ ਦੇ ਰੰਗ ਬਝਦੇ ਹਨ ਅਤੇ ਅਜਪਾ ਜਾਪ ਦਾ ਅਸਲ ਅਨੰਦ ਏਥੇ ਹੀ ਬੱਝ ਹੁੰਦਾ ਹੈ।

(੯) **ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥**

**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥** ( ॥੫੪॥੧॥)

(**ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਪੰਨਾ : ੯੩੫**)

ਇਸ ਗੁਰ-ਪ੍ਰਮਾਣ ਅੰਦਰ ਨਿਰੂਪਨ ਕੀਤਾ ਹੈ ਕਿ ਮਹਾਂ-ਪੁਰਖਾਂ ਦੀ ਬਾਣੀ ਉਪਰ ਕਿਸੇ ਵਿਰਲੇ ਗੁਰਮੁਖ ਜਨ ਦੀ ਹੀ ਸੱਚੀ ਸ਼ਰਧਾ-ਭਾਵਨੀ ਆਉਂਦੀ ਹੈ। ਜਿਨ੍ਹਾਂ ਦੀ ਸ਼ਰਧਾ-ਭਾਵਨੀ ਬੱਝੀ ਉਹਨਾਂ ਨੇ ਇਸ ਬਾਣੀ ਵਿਚੋਂ ਹੀ ਸਭ ਕੁਝ ਪਾਇਆ ਹੈ ਅਤੇ ਇਸ ਬਾਣੀ ਦੇ ਪਰਤਾਪ ਕਰਿ ਹੀ ਨਿਜ ਘਰ ਵਾਸਾ ਪ੍ਰਾਪਤ ਕੀਤਾ ਹੈ।

(੧੦) **ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥**

**ਗੁਰ ਕੈ ਸਬਦਿ ਮਨ ਕਉ ਸਮਝਾਵਹਿ॥...੧੪॥** ( ॥੧੭॥੨॥੮॥)

(**ਮਾਰੂ ਮਹਲਾ ੧, ਪੰਨਾ : ੧੦੨੮**)

ਏਥੇ ਦਸਿਆ ਹੈ ਕਿ ਅਕਾਲ ਪੁਰਖ ਬੇਅੰਤ ਹੈ। ਐਸੇ ਬੇਅੰਤ ਪਰਮਾਤਮਾ ਨੂੰ ਗੁਰਮਤਿ ਦੁਆਰਾ ਹੀ ਕੋਈ ਗੁਰਮੁਖ ਜਨ ਪਾਉਂਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਹੀ ਮਨ ਨੂੰ ਪਤਿਆਉਂਦਾ ਹੈ। ਗੁਰ-ਸ਼ਬਦ ਗੁਰਮੰਤ੍ਰ ਬਿਨਾਂ ਮਨ ਨਹੀਂ ਪਤੀਜਦਾ, ਮਨ ਬੇਸਮਝ ਸਮਝਦਾ ਨਹੀਂ। ਗੁਰ ਕੀ ਬਾਣੀ ਸਤਿ ਸਤਿ ਕਰਿ ਮੰਨਣ ਨਾਲ ਹੀ ਆਤਮਾ ਪ੍ਰਮਾਤਮਾ ਵਿਚ ਲੀਨ ਹੁੰਦਾ ਹੈ, ਨਹੀਂ ਤਾਂ ਐਵੇਂ ਨਾਮ ਗੁਰਮੰਤ੍ਰ ਗੁਰ ਕੈ ਸ਼ਬਦ ਉੱਪਰ ਸ਼ਰਧਾ ਹੀ ਨਹੀਂ ਆਉਂਦੀ। ਗੁਰਬਾਣੀ ਦੀ ਭੈ-ਭਾਵਨੀ ਅਤੇ ਸਤਿ ਸਤਿ ਕਰਿ ਮੰਨਣ ਵਾਲੀ ਗੁਰਮੁਖਤਾਈ ਗੁਰ-ਸ਼ਬਦ ਨਾਮ ਨੂੰ ਗੁਰਮੰਤ੍ਰ ਪਾਰਸ ਰੂਪੀ ਸਰੂਪ ਵਿਚ ਦ੍ਰਿੜ੍ਹਾਉਂਦੀ ਅਤੇ ਲਖਾਉਂਦੀ ਹੈ ਅਤੇ ਇਸੇ ਗੁਰਬਾਣੀ ਤੋਂ ਹੀ ਨਾਮ ਪਾਈਦਾ ਹੈ:-

**ਗੁਰ ਸੇਵਾ ਤੇ ਕਰਣੀ ਸਾਰ॥ ਰਾਮ ਨਾਮੁ ਰਾਖਹੁ ਉਰਿਧਾਰ॥**

**ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥੩॥** ( ॥੧੬॥੮॥੨੨॥)

(**ਮਾਰੂ ਮਹਲਾ ੩, ਪੰਨਾ : ੧੦੬੬** )

ਇਸ ਬਾਣੀ ਤੇ 'ਹਰਿ ਨਾਮੁ ਪਾਇਦਾ' ਵਾਲੇ ਗੁਰ-ਪਰਮਾਣ ਨੇ ਤਾਂ ਸਪੱਸ਼ਟ ਤੌਰ 'ਤੇ ਹੀ ਗੁਰਬਾਣੀ ਅਤੇ ਨਾਮ ਦੀ ਭਿੰਨ ਭਿੰਨ ਵਿਲੱਖਣਤਾ ਨਿਰਣੇ ਕਰ ਦਿਤੀ ਹੈ। ਹੁਣ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਗੁਰਬਾਣੀ ਅਤੇ ਨਾਮ ਦੇ ਭਿੰਨ ਭਿੰਨ ਸਰੂਪ ਹਨ।

# ਨਾਨਕ ਪੀਰ-੧

ਪ੍ਰਿੰਸੀਪਲ ਗੁਰਮੁਖ ਸਿੰਘ, ਪਟਿਆਲਾ

ਸਮੁੱਚੇ ਗੁਰ-ਇਤਿਹਾਸ ਦੇ ਸਬੰਧ ਵਿਚ ਇਹ ਸਵਾਲ ਕਰਨਾ ਜਾਇਜ਼ ਹੋਵੇਗਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੀਰ ਕਦੋਂ ਸਵੀਕਾਰ ਕੀਤਾ ਗਿਆ? ਇਤਿਹਾਸਕ ਦਿਨ ਜਾਂ ਸਾਲ ਮਿੱਥਣਾ ਸ਼ਾਇਦ ਸੰਭਵ ਨਾ ਹੋਵੇ, ਪਰ ਇਹ ਗੱਲ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਤੋਂ ਜਗਿਆਸੂਆਂ ਨੂੰ ਬਹੁਤ ਛੇਤੀ ਸਪਸ਼ਟ ਹੋਣ ਲੱਗ ਪਈ ਸੀ ਕਿ ਉਹ ਇਕ ਆਜ਼ਾਦ ਵਿਚਾਰਾਂ ਦੇ ਧਾਰਮਿਕ ਰਹਿਬਰ ਹਨ। ਸਨਾਤਨੀ ਹਿੰਦੂ ਕਦੀ ਮਸੀਤੇ ਨਹੀਂ ਜਾਂਦਾ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਨਾਲ ਨਮਾਜ਼ ਪੜ੍ਹਨ ਤੋਂ ਕੋਈ ਸੰਕੋਚ ਨਹੀਂ ਕੀਤਾ। ਮੱਕੇ ਵੀ ਗਏ, ਬਗ਼ਦਾਦ ਦੇ ਪੀਰਾਂ ਨੂੰ ਵੀ ਮਿਲੇ, ਹਿੰਦੁਸਤਾਨ ਦੇ ਮੋਮਨ ਪੀਰਾਂ-ਫਕੀਰਾਂ ਨਾਲ ਵੀ ਰੱਬ ਦੇ ਸਬੰਧ ਵਿਚ ਵਿਚਾਰ-ਵਟਾਂਦਰਾ ਕੀਤਾ, ਜਿਸ ’ਤੇ ਮੋਮਨ ਪੀਰ ਆਪ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੇ ਸਤਿਕਾਰ ਵਜੋਂ ਆਪਣੇ ਵਰਗਾ ਦਰਜਾ ਦੇ ਦਿੱਤਾ। ਆਪ ਨੂੰ ‘ਨਾਨਕ ਪੀਰ’ ਕਰਕੇ ਪੁਕਾਰਿਆ-ਸਤਿਕਾਰਿਆ ਜਾਂਦਾ ਸੀ।

ਵੇਈਂ ਨਦੀ ਤੋਂ ਬਾਹਰ ਆਉਣ ਤੋਂ ਪਿੱਛੋਂ ਆਪ ਨੇ ਸੁਲਤਾਨਪੁਰ ਲੋਧੀ ਵਿਖੇ, ਜਿਥੇ ਦੌਲਤ ਖਾਨ ਲੋਧੀ ਹਾਕਮ ਸੀ, ਇਹ ਖੁਲ੍ਹ-ਮ-ਖੁੱਲ੍ਹਾ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਇੱਥੇ ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ:

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥੧॥ ਰਹਾਉ॥** ( ॥੪॥੩॥)
(**ਆਸਾ ਮ: ੧, ਅੰਗ: ੩੪੯**)

ਆਪ ਦੇ ਨਵੇਂ ਐਲਾਨਨਾਮੇ ਦਾ ਆਧਾਰ ਇਹੋ ਸੀ ਕਿ ਇਕ ਨੂਰ ਤੋਂ ਸਾਰਾ ਸੰਸਾਰ ਬਣਿਆ ਹੈ। ਇਹ ਊਚ-ਨੀਚ, ਇਹ ਜਾਤ-ਪਾਤ, ਇਹ ਹਿੰਦੂ-ਮੁਸਲਿਮ ਦਾ ਵਿਤਕਰਾ ਇਕ ਫ਼ਜ਼ੂਲ ਜਿਹਾ ਝਗੜਾ ਹੈ। ਮੁਸਲਮਾਨ ਸ਼ਾਸਕ ਹਿੰਦੂ ਧਾਰਮਿਕ ਆਗੂ ਨੂੰ ਹਮੇਸ਼ਾ ਇਹ ਸਵਾਲ ਪੁੱਛਦੇ ਸਨ ਕਿ ਕੌਣ ਜ਼ਿਆਦਾ ਚੰਗਾ ਹੈ- ਹਿੰਦੂ ਕਿ ਮੁਸਲਮਾਨ? ਹਿੰਦੂ ਲਈ ਇਸ ਸਵਾਲ ਦਾ ਜਵਾਬ ਦੇਣਾ ਔਖਾ ਹੋ ਜਾਂਦਾ। ਜੇ ਉਹ ਹਿੰਦੂ ਨੂੰ ਚੰਗਾ ਕਹੇ ਤਾਂ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਤੇ ਜੇਕਰ ਉਹ ਇਸਲਾਮ ਨੂੰ ਚੰਗਾ ਕਹੇ ਤਾਂ ਉਸ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਇਹੋ ਸਵਾਲ ਪੁੱਛਿਆ ਗਿਆ ਸੀ, ਪਰ ਉਨ੍ਹਾਂ ਦੇ ਜਵਾਬ ਵਿਚ ਜੋ ਨਿਡਰਤਾ ਅਤੇ ਸੱਚਾਈ ਦਾ ਪ੍ਰਗਟਾਵਾ ਸੀ ਉਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਆਮ ਹਿੰਦੂ ਧਾਰਮਿਕ ਆਗੂਆਂ ਨਾਲੋਂ ਵਿਲੱਖਣ ਸਨ ਤੇ ਉਨ੍ਹਾਂ ਨੂੰ ਦੂਜੇ ਧਰਮ ਵਾਲਿਆਂ ਨਾਲ ਗੱਲਬਾਤ ਕਰਨ ਵਿਚ ਨਾ ਕੋਈ ਡਰ ਲੱਗਦਾ ਸੀ, ਨਾ ਕਦੇ ਸੰਕੋਚ ਹੋਇਆ ਸੀ।

ਭਾਈ ਗੁਰਦਾਸ ਜੀ ਦੱਸਦੇ ਹਨ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਪੁੱਛਿਆ ਗਿਆ ਕਿ ਕੌਣ ਵੱਡਾ ਹੈ- ਹਿੰਦੂ ਕਿ ਮੁਸਲਮਾਨ? ਤਾਂ ਗੁਰੂ ਬਾਬੇ ਨੇ ਹਾਜੀਆਂ ਨੂੰ ਉੱਤਰ ਦਿੱਤਾ ਕਿ ਸ਼ੁਭ ਅਮਲਾਂ ਬਾਝੋਂ ਦੋਵੇਂ ਕਿਸਮ ਦੇ ਮਨੁੱਖ ਅੰਤ ਨੂੰ ਖੁਆਰ ਹੁੰਦੇ ਹਨ। ਹਿੰਦੂ ਜਾਂ ਇਸਲਾਮੀ ਲੇਬਲ ਲਗਾਉਣ ਨਾਲ ਕੋਈ ਵੀ ਵਿਅਕਤੀ ਵੱਡਾ ਨਹੀਂ ਹੋ ਜਾਂਦਾ।

**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।** (**ਵਾਰ ੧, ਪਉੜੀ ੩੩**)

ਇਉਂ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਪੀਰ ਹੋਏ ਹਨ, ਭਾਵੇਂ ਸਿੱਖ ਇਤਿਹਾਸ ਨੇ ਇਹੋ ਇਤਿਹਾਸਕ ਸੱਚਾਈ ਮੰਨੀ ਹੈ ਕਿ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹੀ ਸਨ। ਆਮ ਦੁਨੀਆ ਦੇ ਸੰਸਾਰੀ ਦ੍ਰਿਸ਼ਟੀ ਵਾਲੇ ਲੋਕਾਂ ਦੀਆਂ ਨਜ਼ਰਾਂ ਵਿਚ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮਨੁੱਖੀ ਜਾਮੇ ਦੀ ਉਮਰ ਕੇਵਲ ੧੧ ਸਾਲ ਦੀ ਸੀ, ਜਦੋਂ ਉਹ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਗੱਦੀ ’ਤੇ ਬਿਰਾਜੇ ਸਨ। ਸੰਸਾਰਕ ਦ੍ਰਿਸ਼ਟੀ ਤੋਂ ੧੧ ਸਾਲ ਦਾ ਬੱਚਾ ਅਨਜਾਣ ਹੁੰਦਾ ਹੈ। ਇਤਿਹਾਸਕਾਰ ਇਸੇ ਨੁਕਤੇ ਨੂੰ ਸਮਝ ਨਹੀਂ ਸਕੇ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਵੇਂ ਬਾਲ ਅਵਸਥਾ ਵਿਚ ਹੀ ਇਤਨੀ ਮਹਾਨ ਘਟਨਾ ਕਰ ਵਿਖਾਈ। ਉਨ੍ਹਾਂ ਨੂੰ ਸ਼ਾਇਦ ਇਹ ਗੱਲ ਅਜੇ ਸਮਝ ਨਾ ਆਵੇ ਕਿ ਆਪ ਅੰਦਰ ਜੋ ਗੁਰ-ਜੋਤਿ ਜਗਮਗਾ ਰਹੀ ਸੀ, ਉਸ ਦੀ ਉਮਰ ਮਨੁੱਖੀ ਕਾਲ-ਮਾਪ ਅਨੁਸਾਰ ੧੩੭ ਵਰ੍ਹੇ ਸੀ, ਪਰ ਅਸਲੋਂ ਉਹ ਅਕਾਲੀ ਜੋਤਿ ਆਦਿ-ਜੁਗਾਦੀ ਸੀ। ਸਿੱਖ ਇਤਿਹਾਸ ਦੇ ਲਿਖਾਰੀਆਂ ਨੇ ਗੁਰੂ ਸਾਹਿਬਾਨ ਨੂੰ ਆਮ ਸਾਧਾਰਨ ਪੰਜ-ਭੂਤਕੀ ਮਿੱਟੀ ਦਾ ਪੁਤਲਾ ਮੰਨ ਕੇ ਘਟਨਾਵਾਂ ਜੋੜਨ-

*ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਨਾਲ ਨਮਾਜ਼ ਪੜ੍ਹਨ ਤੋਂ ਕੋਈ ਸੰਕੋਚ ਨਹੀਂ ਕੀਤਾ। ਮੱਕੇ ਵੀ ਗਏ, ਬਗ਼ਦਾਦ ਦੇ ਪੀਰਾਂ ਨੂੰ ਵੀ ਮਿਲੇ, ਹਿੰਦੁਸਤਾਨ ਦੇ ਮੋਮਨ ਪੀਰਾਂ-ਫਕੀਰਾਂ ਨਾਲ ਵੀ ਰੱਬ ਦੇ ਸਬੰਧ ਵਿਚ ਵਿਚਾਰ-ਵਟਾਂਦਰਾ ਕੀਤਾ, ਜਿਸ ’ਤੇ ਮੋਮਨ ਪੀਰ ਆਪ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੇ ਸਤਿਕਾਰ ਵਜੋਂ ਆਪਣੇ ਵਰਗਾ ਦਰਜਾ ਦੇ ਦਿੱਤਾ। ਆਪ ਨੂੰ ‘ਨਾਨਕ ਪੀਰ’ ਕਰਕੇ ਪੁਕਾਰਿਆ-ਸਤਿਕਾਰਿਆ ਜਾਂਦਾ ਸੀ। ਸਮੁੱਚੇ ਗੁਰ-ਇਤਿਹਾਸ ਦੇ ਸਬੰਧ ਵਿਚ ਇਹ ਸਵਾਲ ਕਰਨਾ ਜਾਇਜ਼ ਹੋਵੇਗਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੀਰ ਕਦੋਂ ਸਵੀਕਾਰ ਕੀਤਾ ਗਿਆ? ਇਤਿਹਾਸਕ ਦਿਨ ਜਾਂ ਸਾਲ ਮਿੱਥਣਾ ਸ਼ਾਇਦ ਸੰਭਵ ਨਾ ਹੋਵੇ, ਪਰ ਇਹ ਗੱਲ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਤੋਂ ਜਗਿਆਸੂਆਂ ਨੂੰ ਬਹੁਤ ਛੇਤੀ ਸਪਸ਼ਟ ਹੋਣ ਲੱਗ ਪਈ ਸੀ ਕਿ ਉਹ ਇਕ ਆਜ਼ਾਦ ਵਿਚਾਰਾਂ ਦੇ ਧਾਰਮਿਕ ਰਹਿਬਰ ਹਨ।*

ਤੋੜਨ ਦਾ ਯਤਨ ਕੀਤਾ ਹੈ। ਦਸ ਪਾਤਸ਼ਾਹੀਆਂ ਪੰਜ-ਭੂਤਕੀ ਸਰੀਰ ਵਿਚ ਵਿਚਰਦਿਆਂ ਹੋਇਆਂ ਵੀ ਜਗਤ-ਨੂਰ ਨਾਲ ਸਰਸ਼ਾਰ ਸਨ। ਭਾਈ ਗੁਰਦਾਸ ਜੀ ਇਸ ਭੇਦ ਨੂੰ ਜਾਣਦੇ ਸਨ, ਤਾਂ ਹੀ ਉਨ੍ਹਾਂ ਨੇ ਸੰਕੇਤ ਦਿੱਤੇ ਹਨ:

- **ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।(ਵਾਰ ੧, ਪਉੜੀ ੩੧)**
- **ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।(ਵਾਰ ੧, ਪਉੜੀ ੩੫)**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸੇ ਅਗਮ ਅਗਾਧਿ ਜੋਤਿ ਨੂੰ ਹਿੰਦੂ ਤੇ ਮੁਸਲਮਾਨਾਂ ਨੇ ਗੁਰੂ-ਪੀਰ ਕਰਕੇ ਸਤਿਕਾਰਿਆ। ਨਾਨਕ ਪੀਰ ਸਭ ਦੇ ਪਿਆਰੇ ਸਨ। ਉਹ ਤਾਂ ਉਪਦੇਸ਼ ਹੀ ਇਹ ਕਰਦੇ ਸਨ ਕਿ ਬੰਦਿਆਂ ਦੇ ਸਰੀਰਾਂ ਵੱਲ ਨਾ ਵੇਖੋ, ਸਰੀਰ ਦੀ ਸੀਮਾ ਤੋਂ ਉਪਰ ਉਠਣ ਦਾ ਯਤਨ ਕਰੋ। ਇਸ ਤੋਂ ਉਪਰ ਜੋਤਿ ਹੈ, ਨੂਰ ਹੀ ਨੂਰ ਹੈ।

**ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥' ॥੩॥ ( ॥੪॥੩॥)**
**(ਰਾਗੁ ਧਨਾਸਰੀ ਮ. ੧, ਅੰਗ: ੧੩)**

ਉਪਰਲੇ ਗੁਰਵਾਕਾਂ 'ਤੇ ਕੀਤੀ ਗਈ ਵਿਚਾਰ ਤੋਂ ਜਿੱਥੇ ਇਕ ਅਧਿਆਤਮਕ ਸੱਚਾਈ ਦਾ ਸੰਕੇਤ ਮਿਲਦਾ ਹੈ, ਉਥੇ ਦੂਜਾ ਸੰਕੇਤ ਇਹ ਵੀ ਮਿਲਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਹਿੰਦੂ-ਮੁਸਲਮਾਨ ਦੋਹਾਂ ਕੌਮਾਂ ਦੇ ਸਾਂਝੇ ਪੀਰ ਸਨ। ਆਪ ਇਨ੍ਹਾਂ ਦੋਹਾਂ ਕੌਮਾਂ ਦੇ ਮਨੁੱਖੀ ਵਿਤਕਰੇ ਭਰੇ ਧਾਰਮਿਕ ਤੇ ਸੱਭਿਆਚਾਰਕ ਘੇਰੇ ਤੋਂ ਉੱਚੇ ਉਠ ਚੁੱਕੇ ਸਨ। ਉਨ੍ਹਾਂ ਤਾਂ ਕੇਵਲ ਇਕ ਅਕਾਲ ਪੁਰਖ ਦਾ ਸੰਦੇਸ਼ ਦੇਣ ਲਈ 'ਨਾਨਕ ਗੁਰੂ' ਜਾਂ 'ਨਾਨਕ ਪੀਰ' ਦਾ ਭੇਖ ਧਾਰਨ ਕੀਤਾ ਸੀ।

ਨਾਨਕ ਪੀਰ ਦੀ ਪ੍ਰਭੂਸੱਤਾ (Sovereignty) ਧੁਰ ਤੋਂ ਬਖ਼ਸ਼ਿਸ਼ ਹੋਈ ਸੀ। ਆਪ ਹਮੇਸ਼ਾ ਸੁਤੰਤਰ ਹੋ ਕੇ ਵਿਚਰੇ ਹਨ। ਮੱਕੇ ਵੱਲ ਪੈਰ ਪਸਾਰ ਕੇ ਲੇਟਣਾ ਮੁਸਲਮਾਨੀ ਪਰੰਪਰਾ ਨੂੰ ਖੁੱਲ੍ਹੀ ਵੰਗਾਰ ਸੀ। ਸੱਤ ਆਕਾਸ਼ ਤੇ ਸੱਤ ਪਾਤਾਲ ਦੀ ਥਿਊਰੀ ਉਹੀ ਰੱਦ ਕਰ ਸਕਦਾ ਹੈ, ਜਿਸ ਦੀ ਦ੍ਰਿਸ਼ਟੀ ਲੱਖ ਆਕਾਸ਼ਾਂ ਤੇ ਪਾਤਾਲਾਂ ਨੂੰ ਵੇਖ ਸਕਦੀ ਹੋਵੇ। ਗਗਨ ਨੂੰ ਥਾਲ ਤੇ ਚੰਦ ਸੂਰਜ ਨੂੰ ਆਰਤੀ ਲਈ ਸਦਾ ਜਗਦੇ ਦੀਵੇ ਦਿਬ-ਦ੍ਰਿਸ਼ਟੀ ਸੰਪੰਨ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਕਹਿ ਸਕਦੇ ਸਨ। ਜਿੱਥੇ-ਜਿੱਥੇ ਵੀ ਆਪ ਗਏ, ਸ਼ਬਦ ਦੇ ਤੇਜਮਈ ਪ੍ਰਕਾਸ਼ ਸਦਕਾ ਅਕਾਲ ਪੁਰਖ ਦੇ ਤੱਤ-ਗਿਆਨ ਰਾਹੀਂ ਸਭ ਨੂੰ ਨੂਰੋ-ਨੂਰ ਕਰਨ ਦਾ ਯਤਨ ਕੀਤਾ ਹੈ :

ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥ (ਵਾਰ ੧, ਪਉੜੀ ੪੫)

ਸਿੱਕਾ ਚਲਾਉਣਾ ਅੱਜ ਵੀ ਪ੍ਰਭੂਸੱਤਾ ਦਾ ਪ੍ਰਤੀਕ ਹੈ। ਨਾਨਕ ਪੀਰ ਦਾ ਸਿੱਕਾ ਕੀ ਸੀ? ਇਹ ਉਨ੍ਹਾਂ ਦੀ ਧਰਮ ਦੇ ਖੇਤਰ ਵਿਚ ਮਾਣੀ ਗਈ ਸੁਤੰਤਰਤਾ ਸੀ। ਆਪ ਕਿਸੇ ਦੁਨਿਆਵੀ ਘਰਾਣੇ, ਮਠ ਜਾਂ ਸੰਪਰਦਾ ਦੇ ਵਰੋਸਾਏ ਹੋਏ ਨਹੀਂ ਸਨ। ਅਕਾਲ ਪੁਰਖ ਦੀ ਬਖਸ਼ਿਸ਼ ਤੋਂ ਬਾਅਦ ਸਤਿਗੁਰਾਂ ਨੂੰ ਸੱਚਖੰਡ ਤੋਂ ਨਉਨਿਧਿ ਨਾਮ ਤੇ ਗ਼ਰੀਬੀ ਦੀ ਦਾਤਿ ਪ੍ਰਾਪਤ ਹੋਈ। ਸਿੱਧੀ ਧੁਰੋਂ ਹੀ ਬਖਸ਼ਿਸ਼ ਹੋਈ, ਕਿਸੇ ਮਨੁੱਖ ਪਾਸੋਂ ਨਹੀਂ ਮਿਲੀ, ਕਿਸੇ ਮਨੁੱਖ ਨੂੰ ਗੁਰੂ ਧਾਰਨ ਨਹੀਂ ਕੀਤਾ। ਭਾਰਤ ਦੇ ਭਗਤੀ ਲਹਿਰ ਨਾਲ ਸਬੰਧਤ ਸਾਰੇ ਭਗਤ-ਰਾਮਾਨੁਜ, ਰਾਮਾ ਨੰਦ, ਕਬੀਰ, ਨਾਮਦੇਵ, ਰਵਿਦਾਸ ਤੇ ਦੱਖਣ ਦੇ ਅਲਵਾਰ ਭਗਤ ਕਿਸੇ ਨਾ ਕਿਸੇ ਮਨੁੱਖ ਦੁਆਰਾ ਦੀਖਿਅਤ ਹੁੰਦੇ ਰਹੇ ਪਰ 'ਗਉੜੀ ਰਾਗ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਫ਼ਰਮਾਉਂਦੇ ਹਨ:

**ਸਤਿਗੁਰੁ ਦੇਖਿਆ ਦੀਖਿਆ ਲੀਨੀ॥ ਮਨੁ ਤਨੁ ਅਰਪਿਓ ਅੰਤਰਗਤਿ ਕੀਨੀ॥**
**ਗਤਿ ਮਿਤਿ ਪਾਈ ਆਤਮੁ ਚੀਨੀ॥੪॥** ( ॥੯॥੧੫॥)
**(ਗਉੜੀ ਮ. ੧, ਪੰਨਾ: ੨੨੧)**

ਇਉਂ ਕਿਸੇ ਬੰਦੇ ਤੋਂ ਦੀਖਿਅਤ ਨਾ ਹੋਣਾ ਸਤਿਗੁਰਾਂ ਲਈ ਆਪਣੇ ਆਪ ਵਿਚ ਇਕ ਬਹੁਤ ਵੱਡੇ ਮਾਣ ਵਾਲੀ ਗੱਲ ਹੈ। ਦੇਖਿਆ ਜਾਏ ਤਾਂ ਧਰਮਾਂ ਦੇ ਇਤਿਹਾਸ ਵਿਚ ਧਰਮ ਦੇ ਸੰਚਾਲਕਾਂ ਨੂੰ ਪ੍ਰਭੂ ਪਰਮਾਤਮਾ ਤੋਂ ਦੀਖਿਅਤ ਮੰਨਿਆ ਜਾਂਦਾ ਰਿਹਾ ਹੈ, ਜਿਵੇਂ ਯਹੂਦੀਆਂ ਦਾ ਮੂਸਾ, ਈਸਾਈਆਂ ਦਾ ਈਸਾ, ਮੋਮਨਾਂ ਦਾ ਮੁਹੰਮਦ, ਹਿੰਦੂਆਂ ਦੇ ੨੪ ਅਵਤਾਰ ਧੁਰੋਂ ਹੀ ਵਰੋਸਾਏ ਗਏ ਮੰਨੇ ਗਏ ਹਨ। ਇਸ ਹਿਸਾਬ ਨਾਲ ਸਤਿਗੁਰੂ ਨਾਨਕ ਦੇਵ ਜੀ ਨੂੰ ਕੇਵਲ ਪੀਰ ਦਾ ਦਰਜਾ ਦੇਣਾ ਉਨ੍ਹਾਂ ਦੀ ਰੱਬੀ ਸ਼ਾਨ ਵਿਚ ਫ਼ਰਕ ਪਾਉਣਾ ਹੈ। ਪਰ ਜਿਸ ਸਮੇਂ ਵਿਚ ਉਨ੍ਹਾਂ ਨੂੰ ਪੀਰ ਕਰਕੇ ਨਿਵਾਜਿਆ ਗਿਆ ਸੀ, ਉਹ ਇਸਲਾਮੀ ਸ਼ਰ੍ਹਾ ਦੇ ਡੂੰਘੇ ਪ੍ਰਭਾਵ ਹੇਠ ਸੀ।

ਉਹ ਆਪਣੀ ਧਾਰਮਿਕ ਸ਼ਰ੍ਹਾ ਅਨੁਕੂਲ ਕਿਸੇ ਆਨਮਤੀ ਅਧਿਆਤਮਕ ਰਹਿਬਰ ਨੂੰ 'ਕਾਫ਼ਰ' ਆਖਦੇ ਸਨ। ਪੀਰ ਦੀ ਉਪਾਧੀ ਕੇਵਲ ਮੁਸਲਮਾਨ ਸੂਫ਼ੀ ਸੰਤਾਂ ਲਈ ਰਾਖਵੀਂ ਸੀ। ਪਰ ਇਹ ਸਤਿਗੁਰੂ ਨਾਨਕ ਦੇਵ ਜੀ ਦੀ ਵਡਿਆਈ ਹੈ ਕਿ ਉਨ੍ਹਾਂ ਨੇ ਇਸ ਮੁਸਲਮਾਨੀ ਪਰੰਪਰਾ ਨੂੰ ਤੋੜ ਕੇ ਸਭ ਕੋਲੋਂ ਸਤਿਕਾਰ ਪ੍ਰਾਪਤ ਕੀਤਾ। ਮੁਸਲਮਾਨ ਪੀਰ ਆਪ ਨੂੰ ਮੁਸ਼ਕਿਆ ਨਾਨਕ ਪੀਰ ਕਹਿੰਦੇ ਸਨ। ਮੁਸ਼ਕੇ ਦੇ ਅਰਥ ਹਨ ਕਿ ਮੁਸਲਮਾਨ ਸੂਫ਼ੀਆਂ ਨੂੰ ਆਪ ਦੇ ਦਰਸ਼ਨ ਕਰਕੇ ਇਕ ਖ਼ਾਸ ਨੂਰੀ ਅਨੰਦ ਦੀ ਪ੍ਰਾਪਤੀ ਹੁੰਦੀ ਸੀ।

ਪੀਰ ਸ਼ਰ੍ਹਾ ਦੀ ਕੈਦ ਵਿਚ ਰਹਿੰਦਾ ਹੈ। ਉਹ ਕੁਰਾਨ ਮਜੀਦ ਵਿਚ ਲਿਖੇ ਸੱਤ ਆਕਾਸ਼ ਤੋਂ ਅੱਠ ਨਹੀਂ ਕਹਿ ਸਕਦਾ; ਭਾਵੇਂ ਉਸ ਨੂੰ ਝਲਕਾਰੇ ਨਾਲ ਇਸ ਤੋਂ ਵੱਧ ਆਕਾਸ਼ ਵੀ ਦਿਸਦੇ ਹੋਣ। ਪਰ ਉਹ ਉਮਤਿ ਨੂੰ ਕੁਰਾਨ ਤੋਂ ਬੇਮੁਖ ਨਹੀਂ ਕਰ ਸਕਦਾ। ਉਹ ਜ਼ਾਹਰ ਦਿਸਦੇ ਸੱਚ ਤੋਂ ਅੱਖਾਂ ਮੀਚਣ ਲਈ ਤਿਆਰ ਹੈ- ਜੇਕਰ ਉਸ ਸੱਚ ਦਾ ਕੁਰਾਨ ਦੇ ਕਿਸੇ ਆਇਤ ਨਾਲ ਮੇਲ ਨਹੀਂ ਬਣਦਾ। ਪੀਰ ਕੈਦੀ ਹੈ ਆਪਣੇ ਮਜ਼੍ਹਬ ਦਾ। ਉਸ ਨੂੰ ਪਤਾ ਹੈ ਕਿ ਖ਼ਾਲਕ ਦੀ ਸਾਰੀ ਖ਼ਲਕਤ ਕਿਸੇ ਨਾ ਕਿਸੇ ਨਾਮ ਨਾਲ ਉਸ ਨੂੰ ਯਾਦ ਕਰ ਸਕਦੀ ਹੈ, ਪਰ ਸ਼ਰ੍ਹਾ ਉਸ ਨੂੰ ਦਵੈਤ ਭਾਵਨਾ ਬਣਾਈ ਰੱਖਣ ਲਈ ਪ੍ਰੇਰਦੀ ਹੈ। ਇਸ ਲਈ ਉਹ ਸਾਰੀ ਉਮਰ ਦੀ ਔਖੀ ਧਾਰਮਿਕ ਸਾਧਨਾ ਤੋਂ ਬਾਅਦ ਵੀ ਦੂਈ ਨਹੀਂ ਮਿਟਾ ਸਕਦਾ। ਉਸ ਲਈ ਮੋਮਨ ਤੋਂ ਛੁੱਟ ਸਾਰੇ ਰੱਬ ਤੋਂ ਬੇਮੁਖ 'ਕਾਫ਼ਰ' ਹੀ ਹਨ। ਵਲੀ ਕੰਧਾਰੀ ਨੇ ਭਾਈ ਮਰਦਾਨੇ ਨੂੰ ਪਾਣੀ ਦੇਣ ਤੋਂ ਇਸੇ ਕਰਕੇ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ-ਪੀਰ ਮੰਨਦਾ ਸੀ। ਵਲੀ ਕੰਧਾਰੀ ਲਈ "ਗੁਰੂ ਨਾਨਕ ਗੋਬਿੰਦ ਰੂਪ" ਨਹੀਂ ਸੀ, ਉਸ ਲਈ ਉਹ ਕਾਫ਼ਰ ਸੀ। ਇਸਲਾਮ ਦੀ ਆਪਣੀ ਇਕ ਮਜਬੂਰੀ ਹੈ, ਆਪਣੀ ਇਕ ਸੀਮਾ ਹੈ, ਇਕ ਆਪਣੀ ਸ਼ਰ੍ਹਾ ਹੈ, ਜਿਸ ਨੇ ਇਸਲਾਮੀ ਜਗਿਆਸੂ ਨੂੰ "ਸਰਬ ਮੈ ਪੇਖੈ ਭਗਵਾਨੁ॥" (ਪੰਨਾ: ੨੭੪) ਦੇ ਵਿਸ਼ਾਲ ਆਕਾਸ਼ ਵਿਚ ਉਡਾਰੀਆਂ ਲਾਉਣ ਤੋਂ ਰੋਕੀ ਰੱਖਿਆ ਹੈ। ਉਸ ਦੇ ਪੈਰ ਸਦਾ ਲਈ ਸ਼ਰ੍ਹਾ ਦੀ ਕਿੱਲੀ ਨਾਲ ਬੰਨ੍ਹ ਦਿੱਤੇ ਗਏ ਹਨ।

ਉਹ ਸਦਾ ਲਈ ਕੈਦੀ ਬਣ ਗਿਆ। ਅੱਜ ਦੇ ਵਿਦਵਾਨ ਅਜਿਹੇ ਸਿਆਸੀ ਧਰਮਾਂ ਨੂੰ ਸੰਕੀਰਣ ਧਰਮ ਕਹਿੰਦੇ ਹਨ। ਸੂਫ਼ੀ ਸੰਤ-ਫਕੀਰਾਂ ਨੂੰ ਚਾਨਣ ਦਿੱਸਣ ਲੱਗ ਪਿਆ ਸੀ। ਜਿਨ੍ਹਾਂ ਦੀਆਂ ਬੇੜੀਆਂ ਖੁੱਲ੍ਹ ਗਈਆਂ ਸਨ, ਉਹ ਪੀਰ ਨਾ ਰਹੇ, ਸੂਫ਼ੀ ਬਣ ਗਏ, ਉਹ ਸਾਈਂ ਲੋਕ ਬਣ ਗਏ। ਉਨ੍ਹਾਂ ਫਿਰ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਰੱਖਣ ਵਿਚ ਸੰਕੋਚ ਨਹੀਂ ਕੀਤਾ। ਉਨ੍ਹਾਂ ਫਿਰ ਆਪਣੇ ਪੁੱਤਰ ਤੇ ਉਮਤਿ ਨੂੰ ਭੰਗਾਣੀ ਦੇ ਯੁੱਧ ਵਿਚ ਗੁਰੂ-ਚਰਨਾਂ ਤੋਂ ਵਾਰਨ ਵਿਚ ਰੱਤੀ ਭਰ ਵੀ ਕਾਂਪ ਨਹੀਂ ਖਾਧੀ।

ਨਾਨਕ ਪੀਰ ਨੇ ਕਿਸੇ ਕੈਦੀ ਪੀਰ (ਦੀ ਬਾਣੀ) ਦਾ ਕਲਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਕੀਤਾ। ਇਸ ਬਾਣੀ-ਬੋਹਿਥ ਵਿਚ ਉਨ੍ਹਾਂ ਨਾਲ ਸਾਂਝ ਪਾਈ ਹੈ, ਜਿਨ੍ਹਾਂ ਮਨੁੱਖੀ ਸਰੀਰ ਤੇ ਧਰਮ ਦੀ ਸ਼ਰ੍ਹਾ-ਸ਼ਰੀਅਤ ਦੀ ਕੈਦ ਤੋਂ ਉਪਰ ਉਠ ਕੇ ਕੇਵਲ ਜੋਤਿ ਨੂੰ ਸਾਖਿਆਤ ਕਰ ਲਿਆ ਸੀ।

**(ਬਾਕੀ ਅਗਲੇ ਅੰਕ 'ਚ)**

*ਅੱਜ ਅਖੰਡ ਕੀਰਤਨੀ ਜਥਾ ਸਿੱਖ ਪੰਥ ਦੀ ਅਨਿੱਖੜਵੀਂ ਅਤੇ ਸਿਰਮੌਰ ਜਥੇਬੰਦੀ ਵਜੋਂ ਪੰਥ ਵਿਚ ਵਿਚਰ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪੰਥ ਦੀ 'ਸੋਨੇ ਦੀ ਚਿੜੀ' ਦੇ ਖ਼ਿਤਾਬ ਨਾਲ ਨਿਵਾਜੇ ਗਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਲਗਭਗ ੧੯੦੦ ਸੰਨ ਤੋਂ ਚਲਾਈ ਗਈ ਇਸ ਜਥੇਬੰਦੀ ਨੇ ਸਮੇਂ-ਸਮੇਂ ਪੰਥ ਸੇਵਾ ਦੇ ਵੱਖੋ-ਵੱਖਰੇ ਖੇਤਰਾਂ ਵਿਚ ਅਹਿਮ ਯੋਗਦਾਨ ਪਾਇਆ ਹੈ ਪਰ ਕਲ-ਤਾਤੀ ਦੇ ਇਸ ਯੁੱਗ ਵਿਚ ਇਸ ਜਥੇ ਦਾ ਮੁੱਖ ਮਕਸਦ ''ਕਲਜੁਗ ਮਹਿ ਕੀਰਤਨੁ ਪਰਧਾਨਾ...'' ਦੇ ਮਹਾਂਵਾਕ ਅਨੁਸਾਰ ਨਿਰਬਾਣ ਅਖੰਡ ਕੀਰਤਨ ਦੁਆਰਾ ਪੰਥ ਦੀ ਸੇਵਾ ਕਰਨਾ ਹੈ। ਪਿਛਲੇ ਕੁਝ ਸਮੇਂ ਤੋਂ ਅਖੰਡ ਕੀਰਤਨੀ ਜਥੇ ਵਿਚ ਨਿਰਬਾਣ ਕੀਰਤਨ ਜ਼ਰੀਏ ਆਤਮ ਪ੍ਰਬੋਧਨ ਦੀ ਥਾਂ ਕੀਰਤਨੀਏ ਸਿੰਘਾਂ ਵਿਚ ਪ੍ਰਸਿੱਧੀ ਅਤੇ ਮਾਇਆ ਦੀ ਪ੍ਰਵਿਰਤੀ ਭਾਰੂ ਹੋ ਰਹੀ ਹੈ ਅਤੇ ਕੀਰਤਨ ਸਰੋਤਿਆਂ ਵਿਚ ਆਤਮ-ਰਸ ਦੀ ਥਾਂ ਕੰਨ-ਰਸ ਦੀ ਰੁਚੀ ਵੱਧ ਰਹੀ ਹੈ। ਗੁਰਮਤਿ ਵਿਚ ਨਿਰਬਾਣ ਕੀਰਤਨ ਦਾ ਕੀ ਫ਼ਲਸਫ਼ਾ ਹੈ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵਿਚਾਰਾਂ ਅਨੁਸਾਰ ਨਿਰਬਾਣ ਅਤੇ ਅਖੰਡ ਕੀਰਤਨ ਕਿਸ ਨੂੰ ਆਖਿਆ ਜਾ ਸਕਦਾ ਹੈ। ਪਾਠਕ ਜਨਾਂ ਲਈ ਪੇਸ਼ ਕਰ ਰਹੇ ਹਾਂ ਭਾਈ ਸਾਹਿਬ ਜੀ ਦੀ ਪੁਸਤਕ 'ਗੁਰਮਤਿ ਲੇਖ' ਵਿਚੋਂ ਕੁੰਜੀਵਤ ਮਜ਼ਮੂਨ।*

*-ਸੰਪਾਦਕ*

# ਹਰਿ ਕੀਰਤਨ ਕੀ ਹੈ?



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ



**ਵਡਭਾਗੀ ਹਰਿ ਕੀਰਤਨੁ ਗਾਈਐ ॥**
**ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥**
( ॥੪॥੮੪॥੧੫੩॥)
**(ਗਉੜੀ ਮ. ੫, ਅੰਗ : ੧੯੬)**

ਹਰਿ-ਕੀਰਤਨ ਗਾਵਣ ਦੀ ਐਸੀ ਅਮੋਲਕ ਦਾਤਿ ਹੈ ਜੋ ਕੇਵਲ ਤਿਨ੍ਹਾਂ ਵਡਭਾਗੀ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਆਪਿ ਤੁਠ ਕੇ ਗੁਰੂ ਕਰਤਾਰ ਦੇਵੇ। ਸਤਿਗੁਰ ਨਾਨਕ ਸੱਚਾ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ 'ਤੇ ਤੁੱਠਾ ਤਾਂ ਇਹ ਰੱਬੀ ਦਾਤਿ ਕੀਰਤਨ ਦੀ ਅਸਾਂ ਨੂੰ ਪ੍ਰਾਪਤ ਹੋਈ। ਪਰ ਅਸਾਥੋਂ ਇਹ ਸਮ੍ਹਾਲੀ ਨਾ ਗਈ।

ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਖੇ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ 'ਗੁਰਬਾਣੀ' ਅਰਥਾਤ ਧੁਰ ਦੀ ਬਾਣੀ ਹੈ। ਤਾਂਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ-ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ, ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸ ਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਨਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂਤੇ ਗੁਰਬਾਣੀ ਦਾ ਕੀਰਤਨ ਹੀ ਹਰਿ-ਕੀਰਤਨ ਹੈ। ਯਥਾ ਗੁਰਵਾਕ-

**ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥**
**ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥** ( ॥੪॥੧੬॥੨੭॥)
**(ਸੋਰਠਿ ਮ. ੫, ਅੰਗ : ੬੧੬)**
**ਤਥਾ - ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥**
**ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥ ੨ ॥ ੧੮ ॥੮੨ ॥**
**(ਸੋਰਠਿ ਮ. ੫, ਅੰਗ : ੬੨੯)**
**ਪੁਨਾ- ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ**
**ਹਰਿ ਕੀਰਤਿ ਹਰਿ ਮਨਿ ਧਾਰੇ ਰਾਮ...੧ ॥**
( ॥੪॥੩॥)
**(ਬਿਹਾਗੜਾ ਮ. ੪, ਅੰਗ : ੫੩੯)**
**ਤਥਾ - ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ**
**ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥**
**ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ**

**ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ...੨॥**
**( ॥੪ ॥੪ ॥)**
**(ਬਿਹਾਗੜਾ ਮ. ੪, ਅੰਗ : ੫੪੦)**

## ਹਰਿ-ਕੀਰਤਨ ਦਾ ਅਸਰ ਤੇ ਫ਼ਲ

ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ। ਅਸੀਂ ਇਸ ਪਾਰਸ ਨੂੰ ਛਿਨ ਭੰਗਰ ਮਾਤਰ ਹੀ ਪਰਸਦੇ ਹਾਂ। ਗੁਰਬਾਣੀ ਦੇ ਪਾਠ ਅਤੇ ਕੀਰਤਨ ਨਮਿਤ ਦਿਨ ਰਾਤ ਵਿਚੋਂ ਸਮੇਂ ਦਾ ਦਸੌਂਧ (ਦਸਵਾਂ ਹਿੱਸਾ) ਭੀ ਅਰਪਨ ਨਹੀਂ ਕਰਦੇ। ਓਹ ਭੀ ਜੋ ਛਿੰਨ ਭੰਗਰੀ ਸਮਾਂ ਇਤ ਵਲ ਅਰਪਨ ਕਰਦੇ ਹਾਂ ਸੋ ਬਧੇ ਚੱਟੀ ਹੀ ਭਰਦੇ ਹਾਂ। ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ :

**ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥**
**ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪ ॥੧ ॥੧੫੮ ॥**
**(ਰਾਗੁ ਗੌੜੀ ਮਾਲਵਾ ਮ. ੫, ਅੰਗ : ੨੧੪)**

ਰੂਪੀ ਗੁਰਵਾਕ ਉਤੇ ਸੱਚੇ ਸਿੱਖਾਂ ਵਾਲੀ ਸ਼ਰਧਾ-ਭਾਉ ਭਾਵਨੀ ਹੈ, ਓਹ ਕੀਰਤਨ ਨੂੰ ਉਧਾਰ ਦਾ ਮੀਆਰ ਸਮਝ ਕੇ ਕਰਦੇ ਹਨ। ਉਧਾਰ ਹਿਤ ਕੀਰਤਨ ਕਰਨਹਾਰਿਆਂ ਨੂੰ ਕੀਰਤਨ ਇਕ ਆਧਾਰ ਅਤੇ ਅਹਾਰ ਰੂਪ ਹੋ ਜਾਂਦਾ ਹੈ। ਓਥੇ ਕੀਰਤਨ ਨਮਿਤ ਸਮੇਂ ਦੀ ਥੁੜੋਂ ਵਾਲੀ ਬੰਧਨਾ ਨਹੀਂ। ਬੰਧਨ ਓਥੇ ਸਭ ਟੁਟ ਜਾਂਦੇ ਹਨ। ਕਲਿਆਨ-ਅਭਿਲਾਖੀਆਂ ਦੀ ਮੁਖ ਕਾਰ ਹੀ ਕੀਰਤਨ ਬਣ ਆਉਂਦੀ ਹੈ। ਓਹ ਖ਼ੁਸ਼ੀ ਸੇਤੀ ਇਸ ਕੀਰਤਨ ਰੂਪੀ ਕਾਰ ਨੂੰ ਸਮ੍ਹਾਰਦੇ ਹਨ, ਬਧੇ ਚੱਟੀ ਨਹੀਂ ਭਰਦੇ।

ਗੁਰਬਾਣੀ ਦੇ ਰੱਬੀ ਕੀਰਤਨ ਵਿਚਿ ਅਕਹਿ ਰਸ ਹੈ। ਜਿਉਂ ਜਿਉਂ ਕੀਰਤਨ-ਕਮਾਈ ਵਧਦੀ ਹੈ, ਤਿਉਂ ਤਿਉਂ ਕੀਰਤਨ-ਕਲਾ-ਰਸ ਦਾ ਵਿਗਾਸ ਭੀ ਵਧਦਾ ਜਾਂਦਾ ਹੈ। ਉਹ ਕੀਰਤਨ ਕਰਦੇ ਅਕਦੇ ਥਕਦੇ ਹੀ ਨਹੀਂ। ਅੱਠੇ ਪਹਿਰ ਦਿਨ ਰਾਤ ਭੀ ਜੇ ਉਹ ਕੀਰਤਨ ਕਰਦੇ ਰਹਿਣ ਤਾਂ ਵੀ ਠਲ੍ਹ ਨਹੀਂ ਪੈਂਦੀ। ਕੀਰਤਨ-ਪਾਰਸ-ਰਸ-ਵਿਗਾਸ ਉਹਨਾਂ ਤੋਂ ਆਪੋਂ ਹੀ ਕੀਰਤਨ ਕਰਾਉਂਦਾ ਹੈ। ਉਹਨਾਂ ਨੂੰ ਕੀਰਤਨ ਦਾ ਰੱਜ ਹੀ ਨਹੀਂ ਆਉਂਦਾ। ਕੀਰਤਨ-ਅਹਾਰੀਆਂ ਦਾ ਅਹਾਰ ਹੀ ਜੁ ਕੀਰਤਨ ਹੋਇਆ। ਗੁਰਬਾਣੀ ਦਾ ਇਲਾਹੀ ਕੀਰਤਨ ਦਿਲ ਦਿਮਾਗ਼ ਵਿਖੇ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਕੀਰਤਨ ਦਾ ਰਸੀਆ ਇਸ ਰਸ-ਵਿਗਾਸ ਪ੍ਰਾਇਣ ਹੋ ਕੇ ਹੀ ਇਸ ਬਿਧਿ ਕੀਰਤਨ-ਵਲਵਲੇ ਆਪਣੇ ਅੰਤਰਿ ਉਪਜੇ ਹਰਦਮ ਮਹਿਸੂਸ ਕਰਦਾ ਰਹਿੰਦਾ ਹੈ। ਯਥਾ ਗੁਰਵਾਕ :

**ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥**
**ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ**
**ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧ ॥ ਰਹਾਉ ॥**
**ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ**
**ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ... ॥੨ ॥੧੪ ॥੬੬ ॥)**
**(ਰਾਗੁ ਆਸਾਵਰੀ... ਮ. ੪, ਅੰਗ : ੩੬੯)**
**ਤਥਾ- ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧ ॥ ਰਹਾਉ ॥ ( ॥੨ ॥੭ ॥੭੧)**
**(ਬਿਲਾਵਲੁ ਮ. ੫, ਅੰਗ : ੮੧੮)**

*ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ। ਅਸੀਂ ਇਸ ਪਾਰਸ ਨੂੰ ਛਿਨ ਭੰਗਰ ਮਾਤਰ ਹੀ ਪਰਸਦੇ ਹਾਂ। ਗੁਰਬਾਣੀ ਦੇ ਪਾਠ ਅਤੇ ਕੀਰਤਨ ਨਮਿਤ ਦਿਨ ਰਾਤ ਵਿਚੋਂ ਸਮੇਂ ਦਾ ਦਸੌਂਧ (ਦਸਵਾਂ ਹਿੱਸਾ) ਭੀ ਅਰਪਨ ਨਹੀਂ ਕਰਦੇ। ਓਹ ਭੀ ਜੋ ਛਿੰਨ ਭੰਗਰੀ ਸਮਾਂ ਇਤ ਵਲ ਅਰਪਨ ਕਰਦੇ ਹਾਂ ਸੋ ਬਧੇ ਚੱਟੀ ਹੀ ਭਰਦੇ ਹਾਂ।*

**ਪੁਨਾ - ਹਰਿ ਗੁਣ ਗਾਵੈ ਸਦਾ ਦਿਨੁ ਰਾਤੀ**
**ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ... ॥੫ ॥**
**( ॥੮ ॥੧ ॥੪ ॥)**
**(ਬਿਲਾਵਲੁ ਮ. ੪, ਅਸਟਪਦੀਆ..., ਅੰਗ : ੮੩੩)**

ਤਾਹੀਂ ਤੇ ਕੀਰਤਨ ਦੇ ਰਸੀਏ ਗੁਰਮੁਖ ਸੰਤ ਸਿਖ ਭਗਤ ਜਨਾਂ ਦੇ ਸਤਿਸੰਗ-ਮੰਡਲ ਵਿਖੇ ਅਠੋ ਪਹਿਰ ਕੀਰਤਨ ਦਾ ਹੀ ਪ੍ਰਵਾਹ ਚਲਿਆ ਰਹਿੰਦਾ ਹੈ। ਜੈਸੇ ਕਿ ਗੁਰਵਾਕ ਦਾ ਭਾਵ ਹੈ :

**ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥**
**ਕਥਾ ਕੀਰਤਨੁ ਆਨੰਦ ਮੰਗਲ ਧੁਨਿ**
**ਪੂਰਿ ਰਹੀ ਦਿਨਸੁ ਅਰੁ ਰਾਤਿ ॥੧ ॥ ਰਹਾਉ ॥**
**( ॥੨ ॥੪ ॥੮੪)**
**(ਬਿਲਾਵਲੁ ਮ. ੫, ਅੰਗ : ੮੨੦)**
**ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥**
**ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮ ॥੨ ॥**
**(ਗਉੜੀ ਮ. ੫, ਅੰਗ : ੨੩੬)**

ਪੂਰੇ ਸਤਿਗੁਰੂ ਦੇ ਸਚਿਆਰ ਸਿਖ ਦਾ ਅਹਾਰ (ਭੋਜਨ ਚੂਰਾ) ਹੀ ਅਖੰਡ ਕੀਰਤਨ ਹੈ।

ਕੱਚੀ ਬਾਣੀ ਦਾ ਗਾਉਣਾ ਹਰਿ-ਕੀਰਤਨ ਨਹੀਂ

ਗੁਰੂ ਘਰ ਵਿਖੇ ਗੁਰਮਤਿ ਅਨੁਸਾਰ ਗੁਰਬਾਣੀ ਦਾ ਇਕ-ਰਸ ਅਖੰਡ ਅਤੇ ਨਿਰਬਾਣ ਕੀਰਤਨ ਹੀ ਪਰਵਾਣ ਹੈ। ਗੁਰਬਾਣੀ ਦੇ ਨਿਰੋਲ ਕੀਰਤਨ ਵਿਖੇ ਕੱਚੀ ਬਾਣੀ ਨੂੰ ਰਲਾਉਣਾ ਕੀਰਤਨ ਦੀ ਅਖੰਡਤਾ ਨੂੰ ਖੰਡਤ ਕਰਨਾ ਹੈ ਅਤੇ ਨਿਰਬਾਣ ਕੀਰਤਨ ਦੇ ਇਕ-ਰਸ ਆਨੰਦ ਅਹਿਲਾਦ ਨੂੰ ਬੇਰਸ ਕਰਨਾ ਹੈ।

**ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ**
**ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨ ॥**
**( ॥੪ ॥੬ ॥)**
**(ਗੂਜਰੀ ਮ. ੪, ਅੰਗ : ੪੯੪)**

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਗੁਰਬਾਣੀ ਦਾ ਪਾਠ ਕੀਰਤਨ ਹੀ ਅੰਮ੍ਰਿਤ ਰਸਾਇਣ ਪਾਰਸ-ਰਸ ਉਪਜਾਇਕ ਹੈ।

ਹਰਿ-ਕੀਰਤਨ ਗੁਰਬਾਣੀ ਦਾ ਹੀ ਹੋ ਸਕਦਾ ਹੈ

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ "ਹਰਿ ਕੀਰਤਨ" ਦੀ ਪਦਵੀ ਪ੍ਰਾਪਤਿ ਹੈ। ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾਂ ਗੁਣਾਂ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ

**ਹਰਿ-ਕੀਰਤਨ ਦਾ ਸੁੱਚਾ ਸੰਗੀਤ-ਵਿਗਾਸ ਨਾਮ ਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਹਿਰਦੇ ਅੰਦਰਿ ਸੁਤੇ ਸਹਿਜ ਹੀ ਹੋਇ ਆਵੰਦਾ ਹੈ। ਸੁਰ ਤਾਲ ਧੁਨੀਆਂ ਓਥੇ ਆਪ ਪਿਛੇ ਲਗੀਆਂ ਫਿਰਦੀਆਂ ਹਨ। ਪੰਚਮਾਂ ਭੀ ਓਥੇ ਮਾਤ ਪੈ ਜਾਂਦੀਆਂ ਹਨ। ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਰਿਦੰਤਰਿ ਉਦੇ ਹੋਇਆਂ ਕੀਰਤਨ-ਕਲਾ ਦੇ ਕਿਵਾੜ ਅਗੰਮੋਂ ਆ ਖੁਲ੍ਹਦੇ ਹਨ ਅਤੇ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਸਰੋਦ ਦੀ ਘੁਮਰ ਵਿਚਿ ਤਾਲ ਪੂਰਨ ਦੇ ਤਰਲੇ ਲੈਣਾ ਆਪਣਾ ਫ਼ਖ਼ਰ ਸਮਝਦੀਆਂ ਹਨ।**



ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ। ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਫ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰ-ਕੀਰਤਨ ਨਹੀਂ ਹੋ ਸਕਦਾ। **"ਅਣਡੀਠਾ ਕਿਛੁ ਕਹਣੁ ਨ ਜਾਇ ॥ (ਮਲਾਰ ਮ. ੧, ਅੰਗ : ੧੨੫੬)** ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫਤਿ ਸਾਲਾਹ ਹੀ ਕੀ ਕਰਿ ਸਕਦੇ ਹਨ।

**ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ... ॥ ੪ ॥੨੫ ॥੩੬ ॥**
**(ਰਾਮਕਲੀ ਮ. ੫ , ਅੰਗ : ੮੯੪)**

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ ਬਣ ਸਕਦੀ ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿਚ ਪਾ ਕੇ ਗਾਵਣਾ ਅਤੇ ਰਾਗ-ਵਿਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ, ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁਲ ਹੈ।

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧ ॥ ਰਹਾਉ ॥ ( ॥੪ ॥੧ ॥੮੧ ॥)**
**(ਰਾਗੁ ਬਿਲਾਵਲੁ ਮ. ੫..., ਅੰਗ : ੮੨੦)**

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸਾਖਸ਼ਾਤਕਾਰੀ ਜਲਵੇ ਤੋਂ ਘੁਥੇ ਅੰਧਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਬਣਾਏ ਬਿਉਂਤੇ ਰਾਗ ਨਾਦ ਗੀਤਾਂ ਦਾ ਗਾਵਣਾ 'ਬੋਲਤ ਬੋਲ ਅਜਾਏ' ਵਾਲਾ ਹੀ ਕੁਸੌਦਾ ਹੈ। ਇਹਨਾਂ ਕਚ-ਪਿੱਚੇ ਬੋਲ-ਅਬੋਲੀ ਰਾਗ-ਨਾਦੀ ਗੀਤਾਂ ਨੂੰ ਸ੍ਰਵਣੀ ਸੁਣਨਾ ਸੁਣਾਵਣਾ ਮਹਾਂ ਮਨਮਤਿ ਹੈ। ਗੁਰਬਾਣੀ ਰੂਪੀ ਸੁਚੇ ਰਤਨਾਂ ਵਿਖੇ ਮਨ-ਘੜਤ ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੁਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ। ਐਸੇ ਮਿਲਗੋਭੇ ਕੀਰਤਨ ਨੂੰ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਟੱਪੇ ਜੋੜਿ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ, ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ। ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਕੇਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿਚ ਹੈ।

## ਹਰਿ ਕੀਰਤਨ ਦਾ ਸੰਗੀਤ

ਹਰਿ-ਕੀਰਤਨ ਦਾ ਸੁੱਚਾ ਸੰਗੀਤ-ਵਿਗਾਸ ਨਾਮ ਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਹਿਰਦੇ ਅੰਦਰਿ ਸੁਤੇ ਸਹਿਜ ਹੀ ਹੋਇ ਆਵੰਦਾ ਹੈ। ਸੁਰ ਤਾਲ ਧੁਨੀਆਂ ਓਥੇ ਆਪ ਪਿਛੇ ਲਗੀਆਂ ਫਿਰਦੀਆਂ ਹਨ। ਪੰਚਮਾਂ ਭੀ ਓਥੇ ਮਾਤ ਪੈ ਜਾਂਦੀਆਂ ਹਨ। ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਰਿਦੰਤਰਿ ਉਦੇ ਹੋਇਆਂ ਕੀਰਤਨ-ਕਲਾ ਦੇ ਕਿਵਾੜ ਅਗੰਮੋਂ ਆ ਖੁਲ੍ਹਦੇ ਹਨ ਅਤੇ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਸਰੋਦ ਦੀ ਘੁਮਰ ਵਿਚਿ ਤਾਲ ਪੂਰਨ ਦੇ ਤਰਲੇ ਲੈਣਾ ਆਪਣਾ ਫ਼ਖ਼ਰ ਸਮਝਦੀਆਂ ਹਨ। ਰਾਗ ਤਾਲ ਸੁਰ ਦੀ ਸੋਝੀ ਸ਼ਬਦ-ਵਿਗਾਸੀਆਂ ਲਈ ਇਕ ਖੱਬੇ ਹੱਥ ਦੀ ਖੇਡ ਹੈ।

ਰਾਗ-ਸੁਰ-ਤਾਲੀਏ ਸਤੇ ਬਲਵੰਡ ਹੋਰੀ ਆਪਣੀ ਤਰਬ ਤਾਨਾਗੀਰੀ ਦੇ ਹੁਨਰ ਦੀ ਹੈਂਕੜ ਵਿਚਿ ਸਤਿਗੁਰੂ ਤੋਂ ਆਕੀ ਹੋ ਬੈਠੇ। ਸਤਿਗੁਰੂ ਨੇ ਓਹਨਾਂ ਦਾ ਹੰਕਾਰ ਦਮਨ ਕਰਨ ਲਈ ਆਪਣੇ ਸੂਧੇ ਸਾਦੇ ਸਿੱਖਾਂ ਹਿਤ ਸਰੋਦ-ਅਗੰਮੀ ਸਰੰਦੇ ਦਾ ਨਵ-ਤਰੰਗੀ ਸਾਜ ਈਜਾਦ ਕਰ ਦਿਤਾ ਅਤੇ ਆਪਣੇ ਇਕੋ ਨਦਰ-ਕਰੰਮੀ-ਕਟਾਕਸ਼ ਦੁਆਰਾ ਸ਼ਬਦ-ਜੋਤਿ-ਬਿਗਾਸੀ ਗੁਰਸਿਖਾਂ ਨੂੰ ਸਰੋਦ-ਸਰੰਦੀ-ਕੀਰਤਨ-ਕਲਾ ਦਾ ਮਾਹਰ ਬਣਾ

# ਕੀਰਤਨ ਪਾਰਸ ਕਲਾ ਦਾ ਇਕ ਅਸਚਰਜ-ਕੌਤਕ

ਸੱਚ ਮੁੱਚ ਕੇਵਲ ਸ਼ਬਦ-ਤਰੰਗੀ ਰਸ-ਜੋਤਿ-ਵਿਗਾਸੀ ਗੁਰਮੁਖ ਜਨਾਂ ਦੇ ਰੋਮ ਰੋਮ ਅੰਦਰਿ ਹੀ ਹਰਿ-ਕੀਰਤਨ ਦਾ ਸੋਮਾ ਸਫੁਟ ਹੁੰਦਾ ਹੈ। ਪ੍ਰੇਮਾ ਭਗਤੀ ਦੇ ਰੰਗਾਂ ਵਿਚਿ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਉਣਹਾਰੇ ਗੁਰੂ ਨਿਵਾਜੇ ਗੁਰਮੁਖਾਂ ਦੇ ਅਗੇ ਪਿਛੇ ਰਾਗ ਨਾਦ ਹੱਥ ਬੰਨ੍ਹੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿਚਿ ਆਈਦਾ ਹੈ ਅਤੇ ਇਹਨਾਂ ਰੰਗਾਂ ਵਿਚਿ ਕੀਰਤਨ ਅਰੰਭ ਹੁੰਦਾ ਹੈ ਤਾਂ ਅਜ਼ਗੈਬੀ ਰਾਗ ਆਪੇ ਹੀ ਆ ਸਫੁਰਨ ਹੁੰਦੇ ਹਨ। ਉਦਾਹਰਨ ਤਾਂ ਹੱਡਬੀਤੀ ਕੀਰਤਨ ਕਹਾਣੀ ਦੇ ਬਹੁਤ ਹਨ, ਪਰ ਇਥੇ ਇਕ ਅੱਧ ਹੱਡ ਵਰਤਿਆ ਕੀਰਤਨ-ਚੋਜ ਦੀ ਪਾਰਸ-ਕਲਾ ਦਾ ਨਜ਼ਾਰਾ ਹੂ-ਬ-ਹੂ ਦਸਣਾ ਆਤਮ ਅਨੰਦ ਤੋਂ ਖ਼ਾਲੀ ਨਹੀਂ ਹੋਵੇਗਾ।

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਸੂਧੇ ਸਾਦੇ ਕੀਰਤਨ ਦੇ ਚਾਉ ਚਈਲੇ ਸਮੂਹ ਕੀਰਤਨੀ ਸਿੰਘਾਂ ਸੰਯੁਕਤ ਪਿੰਡ ਧਾਂਦਰੇ ਜ਼ਿਲ੍ਹਾ ਲੁਧਿਆਣਾ ਵਿਖੇ ਸ਼ਬਦ ਅਭਿਆਸ ਆਨੰਦ ਮਸਤ ਹੋਏ ਕੀਰਤਨ ਕਰ ਰਹੇ ਸੀ ਕਿ ਜੋੜੀ ਬਜਾਵਣਹਾਰਾ ਰਾਗ ਵਿਦਿਆ ਦਾ ਪਰਬੀਨ ਸੂਰਮਾ ਸਿੰਘ ਕਿਧਰੋਂ ਆ ਕੇ ਜੋੜੀ ਬਜਾਉਣ ਲੱਗ ਗਇਆ। ਅਸੀਂ ਓਦੋਂ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਭੀ ਏਵੇਂ ਹੀ ਸਾਰ ਲੈਂਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੁਛ ਸੂਝ ਬੂਝ ਨਹੀਂ ਸੀ ਅਤੇ ਨਾ ਹੀ ਹੁਣ ਹੈ। ਐਵੇਂ ਵੇਹਲੀ ਡੀਂਗ ਮਾਰੀਏ ਤਾਂ ਕੀ ਫ਼ਾਇਦਾ। ਕੀਰਤਨ ਦੇ ਬਾਲ-ਸੁਭਾਈ ਚਾਉ ਵਿਚਿ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ। ਅਤੇ ਨਿਰੋਲ ਗੁਰਬਾਣੀ ਦਾ ਕੀਰਤਨ ਹੀ ਮੁਢ ਤੋਂ ਮੁਖ ਰਖਿਆ। ਗੁਰੂ ਮਹਾਰਾਜ ਦੀ ਕਿਰਪਾ ਦੁਆਰਾ ਐਨਾ ਮਹਿਸੂਸ ਜ਼ਰੂਰ ਹੋ ਜਾਂਦਾ ਕਿ ਕੀਰਤਨ ਦਾ ਰਸ ਬਝ ਗਇਆ। ਰਸ ਬਝੇ ਦਾ ਅਹਿਸਾਸ ਪ੍ਰਤੀਤ ਹੋਏ ਬਿਨ੍ਹਾਂ ਅਸੀਂ ਕੀਰਤਨ ਲੇਖੇ ਲਗਿਆ ਨਹੀਂ ਸਾਂ ਸਮਝਦੇ। ਅਤੇ ਕੀਰਤਨ ਕਰਦੇ ਭੀ ਆਤਮ ਰਸ ਲੈਣ ਲਈ, ਲੋਕਾਂ ਨੂੰ ਦਿਖਾਵਣ ਰੀਝਾਵਣ ਦਾ ਕੋਈ ਤਾਤਪਰਜ ਨਹੀਂ ਸੀ ਹੁੰਦਾ, ਨਾ ਅਜ ਤਕ ਹੋਇਆ ਹੈ। ਰਸ ਪ੍ਰਾਇਣ ਹੁੰਦੇ ਹੋਇਆਂ ਘੰਟਿਆਂ ਬਧੀ ਅਤੇ ਕਈ ਕਈ ਪਹਿਰ ਕੀਰਤਨ ਕਰੀ ਜਾਣਾ, ਥਕਣਾ ਹੀ ਨਾ। ਕੀਰਤਨ ਦੇ ਰੰਗ ਦੂਣ-ਸਵਾਏ ਖਿੜੀ ਜਾਣੇ। ਏਸ ਖਿੜਾਉ ਦੀ ਟੀਸੀ ਵਿਚ ਕੀਰਤਨੀ ਜੱਥਾ ਝੂਮ ਝਾਮ ਕੇ ਕੀਰਤਨ ਕਰ ਰਹਿਆ ਸੀ ਜਦ ਓਹ ਰਾਗ-ਪਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ। ਖ਼ੂਬ ਕੀਰਤਨ ਹੋਇਆ ਅਤੇ ਉਸ ਨੇ ਜੋੜੀ ਭੀ ਬੜੀ ਬੜ੍ਹ ਚੜ੍ਹ ਕੇ ਵਜਾਈ। ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਾਹੀ, ਜਦ ਉਸ ਨੇ ਜੱਥੇ ਨੂੰ ਸੁਰ ਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਪਸਚਾਤ ਉਸ ਨੇ ਇਕ ਰਾਗ ਦੇ ਜਾਣੂ ਕੀਰਤਨ ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਅਰੰਭੀ। ਉਸ ਨੂੰ ਇਹ ਪਤਾ ਨਹੀਂ ਸੀ ਕਿ ਜੱਥੇ ਵਿਚੋਂ ਕੋਈ ਕੀਰਤਨੀਆ ਸਜਣ ਉਸ ਦੀ ਇਹ ਕੀਰਤਨ-ਸ਼ਲਾਘਾ ਵਾਲੀ ਗੱਲ ਸੁਣਿ ਰਹਿਆ ਹੈ। ਬੜੀ ਹੈਰਾਨ ਕਰਨ ਵਾਲੀ ਗੱਲ ਉਸ ਨੇ ਇਹ ਕਹੀ ਕਿ ਰਾਗ-ਵਿਦਿਆ ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਗਇਆ ਸੀ ਕਿ ਇਹ ਜੱਥਾ ਸੰਘ ਪਾੜਨ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ, ਪਰ ਅਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤ੍ਰੰਗ-ਤ੍ਰਾਨਿਆਂ ਵਿਚ ਇਸ ਜੱਥੇ ਤੋਂ ਸੁਣ ਕੇ ਉਹ ਆਨੰਦ ਆਇਆ, ਜਿਹੜਾ ਅਗੇ ਕਦੇ ਕਿਸੇ ਰਾਗੀ ਤੋਂ ਸੁਣ ਕੇ ਨਹੀਂ ਆਇਆ। ਬੜੀ ਖ਼ੂਬੀ ਇਹ ਕਿ ਵਕਤ ਵੇਲਾ ਭੀ ਬਿਲਾਵਲ ਰਾਗ ਦੇ ਅਲਾਪ ਦਾ ਸੀ। ਸੁਣ ਸੁਣ ਕੇ ਆਪਣੇ ਮਨ ਹੀ ਮਨ ਅੰਦਰ ਅਸੀਂ ਹਸੀਏ ਅਤੇ ਹੈਰਾਨ ਹੋਈਏ, ਕਿਉਂਕਿ ਸਾਨੂੰ ਤਾਂ ਇਹ ਭੀ ਪਤਾ ਨਹੀਂ ਸੀ ਕਿ ਬਿਲਾਵਲ ਰਾਗ ਕਿਹੜਾ ਹੈ ਅਤੇ ਕਿਵੇਂ ਗਾਈਦਾ ਹੈ ਅਤੇ ਕਿਸ ਵੇਲੇ ਗਾਈਦਾ ਹੈ। ਅਸੀਂ ਕਿਸੇ ਨੇ ਭੀ ਕਿਸੇ ਰਾਗ ਵਿਦਿਆ ਦੀ ਟਕਸਾਲ ਤੋਂ ਰਾਗ ਅਲਾਪਣਾ ਭੀ ਨਹੀਂ ਸਿਖਿਆ ਸੀ। ਉਸ ਨੇ ਪੁਜ ਕੇ ਰਾਗ-ਪ੍ਰਬੀਨਤਾ ਦੀ ਸ਼ਲਾਘਾ ਕੀਤੀ। ਉਸ ਦੇ ਭਾਅ ਦਾ ਸਾਰਾ ਜੱਥਾ ਕਿਸੇ ਖ਼ਾਸ ਰਾਗ ਪ੍ਰਬੀਨ ਰਾਗ ਵਿਦਿਆ ਟਕਸਾਲ ਵਿਖੇ ਰਾਗ ਵਿਦਿਆ ਸਿਖ ਕੇ ਆਇਆ ਹੈ। ਅਸੀਂ ਉਸ ਦੀਆਂ ਇਹ ਗੱਲਾਂ ਗੁਪਤੋ ਗੁਪਤ ਹੀ ਸੁਣੀਆਂ ਅਤੇ ਉਸ ਨੂੰ ਜਣਾਇਆ ਤਕ ਵੀ ਨਹੀਂ ਕਿ ਅਸੀਂ ਕੁਛ ਸੁਣਿਆ।

ਪਰ ਸਾਨੂੰ ਇਹ ਪੂਰਾ ਯਕੀਨ ਸੀ ਕਿ ਅਸਾਡੇ ਵਿਚਿ ਰਾਗ ਵਿਦਿਆ ਦਾ ਕੋਈ ਭੀ ਗੁਣ ਨਹੀਂ ਸੀ (ਨਾ ਹੀ ਹੁਣ ਹੈ), ਸਗੋਂ ਸਾਨੂੰ ਇਹ ਨਿਸਚਿਤ ਹੋਇਆ ਅਤੇ ਪਹਿਲੇ ਦਿਨ ਇਸ ਗੱਲ ਉਤੇ ਭਰੋਸਾ ਬਝਾ ਕਿ ਆਪਣਾ ਕੀਰਤਨ ਸਤਿਗੁਰੂ ਆਪ ਕਲਾ ਵਰਤਾਇ ਕੇ ਕਰਾਉਂਦਾ ਹੈ। ਪ੍ਰੇਮ-ਰਸਕ-ਵੈਰਾਗੀਆਂ ਦੇ ਕੀਰਤਨ ਵਿਚ ਸਤਿਗੁਰੂ ਆਪਿ ਸਹਾਈ ਹੁੰਦਾ ਹੈ। ਅਤੇ ਅਨਾਚਿਤ ਹੀ ਰਾਗਾਂ ਨਾਦਾਂ ਦੀ ਗਿਆਤ ਸਫੁਰ ਆਉਂਦੀ ਹੈ। ਲਖ ਲਖ ਸ਼ੁਕਰ ਹੈ ਗੁਰੂ ਅੰਤਰਯਾਮੀ ਦਾ ਕਿ ਆਪਣੇ ਸੇਵਕਾਂ ਤੋਂ ਆਪੇ ਹੀ ਕਲਾ-ਕੀਰਤਨੀ-ਸੇਵਾ ਲੈਂਦਾ ਹੈ। ਅਸੀਂ ਮੂਰਖ ਮੁਗਧ ਅਜਾਣ ਭੀ ਨਦਰ ਦ੍ਰਿਸ਼ਟ ਦੇ ਪਾਤਰ ਹੋ ਗਏ। ਧੰਨਿ ਸਤਿਗੁਰ ਨਾਨਕ ਨਿਰੰਕਾਰੀ ਧੰਨ !

ਦਿਤਾ। ਗੁਰੂ ਤੇ ਬੇ-ਮੁਖ ਹੋਣ ਕਰਿ ਸੱਤੇ ਬਲਵੰਡ ਦਾ ਕੀਰਤਨ-ਕਮਾਲ ਖ਼ੁੱਸ ਗਿਆ। ਨਿਰੇ ਰਾਗ ਹੀ ਰਾਗ ਦੀ ਥੋਥੀ ਤਾਨਾਰੀਰੀ ਰਹਿ ਗਈ। ਗੁਰ-ਫਿਟ-ਕਾਰਿਆਂ ਦਾ ਰਾਗ-ਤਰਬ-ਤਰਾਨਾ ਭੀ ਫਿਟਕਾਰਿਆ ਗਿਆ। ਅਨਿੰਨ ਗੁਰਸਿਖ ਭਾਈ ਲਧੇ ਪਰਉਪਕਾਰੀ ਦੇ ਪਰਉਪਕਾਰ ਦੇ ਪਰਤਾਪ ਕਰਿ ਜਦੋਂ ਸਤੇ ਬਲਵੰਡ ਉਪਰ ਬਹੁੜਿ ਸਤਿਗੁਰੂ ਦੀ ਰਹਿਮਤ ਭਰੀ ਬਖਸ਼ਸ਼ ਹੋਈ ਤਦ ਸੱਤੇ ਬਲਵੰਡ ਦੀ ਕੀਰਤਨ-ਕਲਾ ਸੁਰਜੀਤ ਹੋਈ। ਰਾਗ ਦਾ ਕਮਾਲ ਭੀ ਆ ਸਫੁਰਨ ਹੋਇਆ।

ਨਿਰੰਕਾਰੀ ਗੁਰੂ ਬਾਬੇ ਦੀ ਅਗੰਮੀ ਸਾਜਨਾ ਦਾ ਰਬਾਬ ਨਿਰੰਕਾਰੀ ਕੀਰਤਨ ਦੇ ਸਰੋਦ-ਤਰਬਾਂ ਨਾਲ ਸੁਤੇ ਸੁਰ ਹੋਇਆ ਸ਼ਬਦ-ਤ੍ਰੰਗਾਂ ਦੀ ਪਾਰਸ-ਭੂਤੀ ਕਲਾ ਵਾਲਾ ਸਾਜ ਸੀ, ਜਿਸ ਨੂੰ ਪਰਸਿਆਂ ਹੀ ਵਾਹਿਗੁਰੂ ਨਿਰੰਕਾਰ ਦੇ ਇਲਾਹੀ ਨਾਦ ਦੀਆਂ ਕੀਰਤਨ-ਧੁਨੀਆਂ ਸਹਿਜ ਸੁਭਾਵ ਹੀ ਛਿੜ ਪੈਂਦੀਆਂ ਸਨ। ਮਰਦਾਨਾ ਵਿਚਾਰਾ ਥੋਥਾ ਚਣਾ ਹੀ ਸੀ। ਨਾ ਉਹ ਰਾਗ-ਵਿਦਿਆ ਦੀ ਕਿਸੇ ਟਕਸਾਲ ਵਿਚ ਪੜ੍ਹਿਆ ਹੋਇਆ, ਨਾ ਉਸ ਨੂੰ ਮਉਰੂਸੀ ਮੀਰਾਸੀਆਂ ਵਾਲੀ ਹੁਨਰ ਵਰਾਸਤ ਪ੍ਰਾਪਤਿ। ਦਰ-ਹਕੀਕਤ ਮੀਰਾਸੀ ਜਾਤੀ ਅੰਦਰ ਮਰਦਾਨਾ ਜੀ ਤੋਂ ਪਹਿਲਾਂ ਭੰਡਪੁਣੇ ਤੋਂ ਬਿਨਾਂ ਰਾਗ ਮੁਹਾਰਤ ਦਾ ਹੁਨਰ ਹੀ ਮਾਅਦੂਮ (ਗੁੰਮ) ਸੀ। ਰਾਗ ਵਿਰਾਸਤ ਦੇ ਪਹਿਲੇ ਵਿਰਸੇਦਾਰ ਮਰਦਾਨਾ ਜੀ ਹੋਏ। ਕੁਛ

**ਹਰਿ-ਕੀਰਤਨ ਦੀ ਪ੍ਰੇਮਾ ਭਗਤੀ ਛਡ ਕੇ ਕੇਵਲ ਰਾਗਾਂ ਪਿਛੇ ਹੀ ਰੀਝਣਾ ਗੁਰਮਤਿ ਪ੍ਰਤਿਕੂਲ ਹੈ। ਰਾਗ-ਪਰਬੀਨਤਾ ਜਿਸ ਨੇ ਪ੍ਰਾਪਤ ਕਰਨੀ ਹੋਵੇ ਸੋ ਪਿਆ ਕਰੇ। ਪਰ ਹਰਿ-ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ ਵਿਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿਦਿਆ ਦੇ ਸ਼ੌਕੀਨਾਂ ਨੂੰ ਪ੍ਰਾਚੀਨ ਸਮੇਂ ਅਨਮੱਤ ਵਿਦਿਆ ਘੋਖਣ ਨਮਿਤ ਕਾਂਸ਼ੀ ਜਾ ਕੇ ਵਿਦਿਆ ਅਤੀ ਮਹਿੰਗੀ ਪਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸਖਣੀ ਨਿਰੀ ਰਾਗ ਵਿਦਿਆ ਰੋਗ ਰੂਪ ਹੈ, ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ।**

ਕਾਲ ਰਾਗ ਵਿਰਾਸਤ ਦੀ ਪੀੜ੍ਹੀ ਮਰਦਾਨਾ ਜੀ ਦੀ ਸੰਤਾਨ ਵਿਖੇ ਚਲੀ ਅਤੇ ਖ਼ੂਬ ਚਲੀ, ਪਰ ਗੁਰੂ ਬਾਬੇ ਦੀ ਚਲਾਈ ਚਲੀ। ਸਾਦ-ਮੁਰਾਦਾ ਮਰਦਾਨਾ ਤਾਂ ਹੱਥ ਵਿਚ ਰਬਾਬ ਫੜਨ ਭੀ ਨਹੀਂ ਜਾਣਦਾ ਸੀ, ਰਾਗ ਅਲਾਪਣਾ ਤਾਂ ਕਿਤੇ ਰਿਹਾ। ਨਿਰੰਕਾਰੀ ਰਬਾਬ ਦੇਖਣ ਸਾਰ ਹੀ ਠਠੰਬਰ ਗਇਆ। ਗੁਰੂ ਬਾਬੇ ਨੇ ਨਦਰ ਮੇਹਰ ਦੀ ਕ੍ਰਿਸ਼ਮ-ਕਉਤਕੀ-ਕਲਾ ਵਰਤਾਈ, ਤਾਂ ਛਿਨ ਮਾਤਰ ਵਿਚਿ ਮੁਘਧ ਅਜਾਣ ਮਰਦਾਨਾ ਇਕ ਸੁਘੜ ਸੁਜਾਣ ਰਾਗ-ਪਰਬੀਨ ਅਗਮ-ਤ੍ਰੰਗ-ਸਰੋਦੀ-ਕੀਰਤਨੀਆ ਬਣ ਗਇਆ।

## ਕੀਰਤਨ ਸਭ ਤੋਂ ਸ੍ਰੇਸ਼ਟ ਕਰਮ ਹੈ

ਗੁਰਬਾਣੀ ਦਾ ਗਾਵਣਾ, ਅਰਥਾਤ ਹਰਿ-ਕੀਰਤਨ ਕਰਨਾ ਸਦਾ ਹੀ ਸਫਲ ਅਤੇ ਸੁਖਦਾਈ ਹੈ। ਯਥਾ ਗੁਰਵਾਕ :

**ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ...॥ ੨ ॥੧੭ ॥੮੧ ॥**

**(ਸੋਰਠਿ ਮ. ੫, ਅੰਗ : ੬੨੮)**

ਸਤਿਸੰਗ ਸਮਾਗਮ ਵਿਚ ਹਰਿ-ਕੀਰਤਨ ਅਥਵਾ ਗੁਰਬਾਣੀ ਰੂਪੀ ਹਰਿ ਗੁਣ ਗਾਉਣ ਦਾ ਲਾਹਾ ਅਪਰ ਅਪਾਰ ਹੈ। ਯਥਾ ਗੁਰਵਾਕ :

**ਸਾਧਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ॥**

**ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ॥੧॥ ( ॥੨ ॥੪ ॥੩੦)**

**(ਦੇਵਗੰਧਾਰੀ ਮ. ੫, ਅੰਗ : ੫੩੪)**

**ਤਥਾ - ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ॥**

**ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ...॥੧॥ ( ॥੪ ॥੪ ॥੭ ॥)**

**(ਸੂਹੀ ਮ. ੫, ਅੰਗ : ੭੮੧)**

ਅਗੇ ਫੇਰ ਗੁਰਬਾਣੀ ਗਾਵਣ ਦੀ ਪਾਰਸ-ਕਲਾ ਗੁਰ-ਸ਼ਬਦ-ਪ੍ਰਮਾਣ ਇਸ ਬਿਧਿ ਨਿਰੂਪਣ ਕਰਾਉਂਦੇ ਹਨ :

**ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ॥**

**ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ॥੧॥ ਰਹਾਉ॥ ( ॥੨ ॥੧੧ ॥੭੫)**

**(ਬਿਲਾਵਲੁ ਮ. ੫, ਅੰਗ : ੮੧੯)**

ਹਰਿ-ਕੀਰਤਨ ਗੁਰਬਾਣੀ ਗਾਵਣ ਦੀ ਪਾਰਸ-ਕਲਾ ਦੇ ਅਨੇਕ ਉਦਾਹਰਨੀ ਗੁਰ ਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ, ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਹਰਿ-ਕੀਰਤਨ ਹੀ ਸਿਰ ਕਰਮਨ ਕੇ ਕਰਮਾ ਹੈ ਅਤੇ ਕਲਜੁਗੀ ਜੀਵਾਂ ਦੇ ਉਧਾਰ ਦਾ ਸਹਿਜ ਵਸੀਲਾ ਕੇਵਲ ਹਰਿ-ਕੀਰਤਨ ਹੀ ਹੈ। ਜਿਹਾ ਕਿ :

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥**

**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥੮॥ ( ॥੧ ॥੩ ॥)**

**(ਸੋਰਠਿ ਮ. ੫..., ਅੰਗ : ੬੪੨)**

## ਹਰਿ ਕੀਰਤਨ ਤੇ ਰਾਗ ਦਾ ਫ਼ਰਕ

ਹਰਿ-ਕੀਰਤਨ ਦੀ ਪ੍ਰੇਮਾ ਭਗਤੀ ਛਡ ਕੇ ਕੇਵਲ ਰਾਗਾਂ ਪਿਛੇ ਹੀ ਰੀਝਣਾ ਗੁਰਮਤਿ ਪ੍ਰਤਿਕੂਲ ਹੈ। ਰਾਗ-ਪਰਬੀਨਤਾ ਜਿਸ ਨੇ ਪ੍ਰਾਪਤ ਕਰਨੀ ਹੋਵੇ ਸੋ ਪਿਆ ਕਰੇ। ਪਰ ਹਰਿ-ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ ਵਿਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿਦਿਆ ਦੇ ਸ਼ੌਕੀਨਾਂ ਨੂੰ ਪ੍ਰਾਚੀਨ ਸਮੇਂ ਅਨਮੱਤ ਵਿਦਿਆ ਘੋਖਣ ਨਮਿਤ ਕਾਂਸ਼ੀ ਜਾ ਕੇ ਵਿਦਿਆ ਅਤੀ ਮਹਿੰਗੀ ਪਈ। ਵਿਦਿਆ ਘੋਖਣ ਗਏ ਵਿਦਿਆ ਨੇ ਹੀ ਗ੍ਰਸ ਲਏ ਅਤੇ ਸੰਸਕ੍ਰਿਤ ਆਦਿਕ ਵਿਦਿਆ ਦੇ ਅਭਿਮਾਨੀ ਹੋ ਕੇ ਕੂਪੀ ਵਿਚਿ ਰੋੜ ਖੜਕਾਉਣ ਜੋਗੇ ਹੀ ਰਹਿ ਗਏ ਅਤੇ ਗੁਰਮਤਿ ਦੇ ਤਤਸਾਰ ਨਾਮ ਅਭਿਆਸ ਤੋਂ ਨਿਕੋਰ ਸਖਣ ਹੀ ਰਹਿ ਗਏ; ਮਾਨੋ ਉਕਤ ਵਿਦਿਆ ਅਵਿਦਿਆ ਹੋ ਕੇ ਚਿਮੜ ਗਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸਖਣੀ ਨਿਰੀ ਰਾਗ ਵਿਦਿਆ ਰੋਗ ਰੂਪ ਹੈ, ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ। ਅਤੇ ਰਾਗ ਅਨੁਰਾਗੀ ਰੋਗੀਆਂ ਨੂੰ ਕਲਿਆਣ ਮਾਰਗ ਤੋਂ ਬਹੁਤ ਪ੍ਰੇਡੇ ਰਖਦੀ ਹੈ।

ਕੀਰਤਨ ਨਿਹਚਲ ਤੇ ਸਚਖੰਡ ਵਿਚ ਜਮ੍ਹਾ ਹੁੰਦਾ ਹੈ

ਕੇਵਲ ਹਰਿ-ਕੀਰਤਨ ਹੀ ਕਲਿਆਣ-ਕਾਰੀ ਹੈ। ਹਰਿ ਕੀਰਤਨ ਦੀ ਮਹਿਮਾ ਅਪਰ ਅਪਾਰ ਹੈ। ਗੁਰਬਾਣੀ ਅੰਦਰਿ ਕੀਰਤਨ-ਮਹਿਮਾ ਅਨਿਕ ਭਾਂਤ ਕਰ ਗਾਈ ਗਈ ਹੈ :

**ਰਤਨ ਜਵੇਹਰ ਨਾਮ॥ ਸਤੁ ਸੰਤੋਖੁ ਗਿਆਨ॥**

**ਸੂਖ ਸਹਜ ਦਇਆ ਕਾ ਪੋਤਾ॥ ਹਰਿ ਭਗਤਾ ਹਵਾਲੈ ਹੋਤਾ॥੧॥**

**ਮੇਰੇ ਰਾਮ ਕੋ ਭੰਡਾਰੁ॥ ਖਾਤ ਖਰਚਿ ਕਛੁ ਤੋਟਿ ਨ ਆਵੈ**

**ਅੰਤੁ ਨਹੀ ਹਰਿ ਪਾਰਾਵਾਰੁ॥੧॥ ਰਹਾਉ॥**

**ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥**

**ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥੨॥ ( ॥੪ ॥੨੪ ॥੩੫ ॥)**

**(ਰਾਮਕਲੀ ਮ. ੫, ਅੰਗ : ੮੯੩-੯੪)**

ਹਰਿ-ਕੀਰਤਨ ਐਸਾ ਨਿਹਚਲ ਧਨ ਪਦਾਰਥ ਹੈ, ਜੋ ਐਥੇ ਓਥੇ ਲੋਕ ਪਰਲੋਕ ਵਿਖੇ ਸਦਾ ਸੰਗ ਸਹਾਈ ਰਹਿੰਦਾ ਹੈ :

**ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ॥**

**ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ॥੨॥ ( ॥੪ ॥੯ ॥੧੧੧ ॥)**

**(ਆਸਾ ਮ. ੫, ਅੰਗ : ੩੯੮)**

ਸਦਾ ਨਿਹਚਲ ਰਹਿਣ ਵਾਲੇ ਪਦਾਰਥਾਂ ਵਿਚੋਂ ਇਕ ਅਮੋਲਕ ਪਦਾਰਥ ਹਰਿ-ਕੀਰਤਨ ਹੈ। ਉਕਤ ਨਿਹਚਲ ਰਹਿਣ ਵਾਲੇ ਪਦਾਰਥ ਗੁਰਬਾਣੀ ਅੰਦਰ ਇਸ ਬਿਧਿ ਨਿਰੂਪਣ ਹੋਏ ਹਨ। ਯਥਾ ਗੁਰਵਾਕ :

**ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ॥**

**ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ॥**

**ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ॥**

**ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ॥**

**ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ॥**

**ਨਿਹਚਲੁ ਮਸਤਕਿ ਲੇਖੁ ਲਿਖਿਆ ਸੋ ਟਲੈ ਨ**

**ਟਲਾਧਾ ॥**
**ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ ॥**
**ਜਿਨ ਕਉ ਪੂਰਬਿ ਲਿਖਿਆ ਤਿਨ ਸਦਾ ਸਦਾ ਆਰਾਧਾ ॥੧੯॥**
**(ਮਾਰੂ ਵਾਰ ਮ. ੫, ਡਖਣੇ ਮ: ੫, ਅੰਗ : ੧੧੦੧)**

ਇਸ ਗੁਰਵਾਕ ਅੰਦਰਿ "ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ" ਵਾਲੀ ਤੁਕ ਸਪੱਸ਼ਟ ਸਿਧ ਕਰਦੀ ਹੈ ਕਿ ਗੁਰਮੁਖਾਂ ਨਾਮ-ਰਸੀਆਂ ਦਾ ਗਾਵਿਆ ਹੋਇਆ ਗੁਣ-ਗੋਵਿੰਦੀ-ਕੀਰਤਨ ਸਦਾ ਸਦਾ ਨਿਹਚਲ ਰਹਿੰਦਾ ਹੈ। ਇਸ ਨਿਹਚਲ ਕੀਰਤਨ ਦੀਆਂ ਧੁੰਨੀਆਂ ਸਚਖੰਡ ਵਿਖੇ ਵੀ ਨਿਹਚਲ ਰਹਿੰਦੀਆਂ ਹਨ। ਯਥਾ ਗੁਰਵਾਕ :

**ਸਹਜ ਸਿਫਤਿ ਭਗਤਿ ਤਤੁ ਗਿਆਨਾ ॥**
**ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥**
**ਤਹਾ ਸੰਗਤਿ ਸਾਧ ਗੁਣ ਰਸੈ ॥**
**ਅਨਭਉ ਨਗਰੁ ਤਹਾ ਸਦ ਵਸੈ ॥੬॥**
**ਤਹ ਭਉ ਭਰਮਾ ਸੋਗੁ ਨ ਚਿੰਤਾ ॥**
**ਆਵਣੁ ਜਾਵਣੁ ਮਿਰਤੁ ਨ ਹੋਤਾ ॥**
**ਤਹ ਸਦਾ ਅਨੰਦ ਅਨਹਤ ਆਖਾਰੇ ॥**
**ਭਗਤ ਵਸਹਿ ਕੀਰਤਨ ਆਧਾਰੇ ॥੭॥**
( ॥੮॥੪॥)
**(ਗਉੜੀ ਮ. ੫, ਅੰਗ : ੨੩੭)**

ਗੁਰਬਾਣੀ-ਕੀਰਤਨ-ਧੁੰਨੀਆਂ ਦੀ ਅੰਮ੍ਰਿਤ ਬਰਖਾ ਨਾਮ-ਰਸ-ਜੋਤਿ-ਵਿਗਾਸੀਏ-ਕੀਰਤਨੀ ਜਨਾਂ ਦੇ ਨਭ ਨਾਭ ਕੰਵਲ ਅੰਦਰ ਅਹਿਨਿਸ ਹੁੰਦੀ ਰਹਿੰਦੀ ਹੈ। ਅਖੰਡ ਕੀਰਤਨ ਦੇ ਅਨਹਦ ਆਖਾੜੇ ਹਰਿ-ਕੀਰਤਨੀਏ ਗੁਰਮੁਖ ਜਨਾਂ ਦੇ ਦਸਮ ਦੁਆਰੇ ਵਿਖੇ ਸਦੀਵ-ਕਾਲ ਹੀ ਖੁਲ੍ਹੇ ਰਹਿੰਦੇ ਹਨ, ਜੋ ਹਰ ਛਿਨ ਤਿਨ੍ਹਾਂ ਭਗਤ ਜਨਾਂ ਨੂੰ ਆਨੰਦ ਮਗਨ ਰਖਦੇ ਹਨ। ਉਠਤ ਬੈਠਤ ਸੋਵਤ ਜਾਗਤ ਤਿਨ੍ਹਾਂ ਦੀ ਲਿਵਤਾਰ-ਡੋਰੀ ਇਸੇ ਦਸਮ ਦੁਆਰੀ ਅਖੰਡ ਅਤੇ ਅਗਮ ਕੀਰਤਨ ਦੁਆਰਾ ਛਿਨ ਛਿਨ ਗੋਬਿੰਦ ਚਰਨਨ ਸੰਗਿ ਜੁੜੀ ਰਹਿੰਦੀ ਹੈ। ਇਹ ਗੁਰਬਾਣੀ ਦਾ ਅਖੰਡ ਕੀਰਤਨ ਹੀ ਹੈ, ਜੋ ਗੁਰਮੁਖਾਂ ਨੂੰ ਜੀਵਨ-ਮੁਕਤ ਬਿਵਸਥਾ ਵਿਖੇ ਤਤਪਰ ਅਤੇ ਅਸਥਿਰ ਰਖਦਾ ਹੈ। ਇਹ ਹਰਿ-ਕੀਰਤਨ ਹੀ ਹੈ ਜੋ ਗੁਰਸਿਖਾਂ ਨੂੰ ਸੱਚਾ ਸਹਿਜ ਜੋਗ ਪ੍ਰਵਾਣ ਗ੍ਰਿਹਸਤ ਉਦਾਸ ਨਿਰਬਾਣ ਪਦ ਪ੍ਰਾਪਤ ਕਰਾਉਣ ਨੂੰ ਸਮਰੱਥ ਹੈ। ਯਥਾ ਗੁਰਵਾਕ :

**ਰਾਜ ਲੀਲਾ ਤੇਰੈ ਨਾਮਿ ਬਨਾਈ ॥**
**ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥**
( ॥੪॥੬॥੫੭)
**(ਆਸਾ ਮ. ੫, ਅੰਗ : ੩੮੫)**

ਧੰਨ ਗੁਰ ਨਾਨਕ, ਜਿਨਿ ਇਹ ਹਰਿ-ਕੀਰਤਨ ਦਾਤਿ ਗੁਰਸਿਖਾਂ ਨੂੰ ਬਖਸ਼ੀ। ਇਸ ਹਰਿ-ਕੀਰਤਨ ਦੀ ਬਦੌਲਤ ਗੁਰੂ ਨਾਨਕ ਜੀ ਸਾਹਿਬ ਸੱਚੇ ਪਾਤਸ਼ਾਹ ਨੇ ਇਸ ਮਾਤ ਲੋਕ ਵਿਖੇ ਹੀ ਰਹਿੰਦੇ ਹੋਇਆਂ ਬੈਕੁੰਠ ਧਾਮ ਆਨੰਦ ਅਖਾੜੇ ਬਣਾ ਦਿੱਤੇ। ਯਥਾ ਗੁਰਵਾਕ :

**ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥**
**ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥** ( ॥੪॥੮॥੫੫॥)
**(ਸੂਹੀ ਮ. ੫, ਅੰਗ : ੭੪੯)**

ਧੰਨ ਹੈਂ ਤੂੰ ਸ਼ਰਧਾ ਲਾਵਣ-ਹਾਰਿਆ, ਸੱਚਿਆ ਸਾਹਿਬਾ! ਧੰਨ ਹੈਂ ਤੂੰ ਕੀਰਤਨ ਕਰਾਵਣ-ਹਾਰਿਆ, ਗੁਰੂ ਨਾਨਕ ਪਾਤਸ਼ਾਹ! ਧੰਨ ਹੈਂ ਤੂੰ ਕੀਰਤਨ-ਕ੍ਰਿਸ਼ਮ-ਕਲਾ ਵਰਰਾਵਣ-ਹਾਰਿਆ, ਚੋਜੀ ਸਤਿਗੁਰੂ!

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**
**ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥**
**(ਗਉੜੀ ਬੈਰਾਗਣਿ ਮ. ੪, ਅੰਗ : ੧੬੭)**

# ਸੰਗੀਤ-ਰਸ ਅਤੇ ਕੀਰਤਨ-ਰਸ

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ-ਰਸ ਅਰਥਾਤ ਗਾਇਨ-ਰਸ ਭਾਵੇਂ ਕਿੰਨਾ ਹੀ ਉਚਾ ਹੋਵੇ, ਫੇਰ ਭੀ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉਚਾ ਰਸ ਹੈ, ਪਰ ਹੈ ਤਾਂ ਸਰੀਰਕ ਵਸ਼ੈਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਕਾ ਗਤੰਤਰੀ ਰਸਾਂ ਵਾਲਾ ਸੰਗੀਤ ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ। ਸਥੂਲ ਰਸਾਂ ਤੋਂ ਉਚਿਆ ਸੱਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ ਰਸ ਹੈ, ਸੰਗੀਤ ਰਸ ਨਹੀਂ।

ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰੱਥ ਹੈ। ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਨਾ ਨਹੀਂ ਦਿੱਤੀ ਜਾ ਸਕਦੀ।

ਸੁੰਦਰਤਾ ਦੇ ਅਚਾਨਕ ਝਲਕਾ ਵੱਜਣ ਤੋਂ, ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਦੇ ਊਰਧ-ਗਾਮੀ ਹੋ ਜਾਣ ਤੋਂ ਯਾ ਸੰਗੀਤ ਆਦਿ ਦੇ ਪ੍ਰਭਾਵ ਤੋਂ ਗੁਰਮਤਿ ਵਿਸਮਾਦ ਰਸ ਨਹੀਂ ਉਪਜਦਾ। ਆਮ ਰਾਗਾਂ ਦਾ ਰਸ ਭਲਾ ਨਹੀਂ।

**ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥**
**ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ... ॥੨੪॥** ( ॥੩੦॥)
**(ਸਲੋਕ ਮ. ੪, ਵਾਰਾਂ ਤੇ ਵਧੀਕ, ਅੰਗ : ੧੪੨੩)**

ਸੋ ਐਸਾ ਰਾਗ ਯਾ ਸੰਗੀਤ ਕੇਵਲ ਹਰਿ-ਕੀਰਤਨ ਹੀ ਹੈ। ਸ਼ਬਦ ਅਥਵਾ ਸ਼ਬਦ ਕੀਰਤਨ ਵਾਲੇ ਰਾਗ, ਅਰਥਾਤ ਸ਼ਬਦ ਦੁਆਰਾ ਕੀਤੇ ਰਾਗ ਨਾਦ ਹੀ ਸੋਹਣੇ ਹਨ :

**ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥**
**ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ... ॥੨॥**
**(ਮ. ੩, ਵਾਰ ਬਿਲਾਵਲ, ਅੰਗ : ੮੪੯)**
**ਪੁਨਾ - ਨ ਭੀਜੈ ਰਾਗੀ ਨਾਦੀ ਬੇਦਿ ॥੨॥**
**(ਮ. ੧, ਵਾਰ ਸਾਰੰਗ, ਅੰਗ : ੧੨੩੭)**

ਸੋ ਪੰਚਮ ਪਾਤਸ਼ਾਹ ਜੀ ਨੇ ਗੁਰਬਾਣੀ ਦਾ ਉਚਾਰਨ ਇਲਾਹੀ ਕੀਰਤਨ ਨਾਦ ਦੀ ਧੁਰੋਂ ਬਣੀ-ਬਣਾਈ ਵਿਉਂਤ ਵਿਚ ਕੀਤਾ ਤੇ ਏਸ ਦਾ ਉਚਾਰਨ ਓਦੋਂ ਹੋਇਆ ਜਦ ਕਿ ਬਾਣੀ ਹੁਕਮ ਏਜ਼ਦੀ (ਅਕਾਲੀ) ਅੰਦਰ ਧੁਰੋਂ ਆਈ।

# ਅਖੰਡ ਕੀਰਤਨ ਤੇ ਗੁਰਮੰਤਰ ਦੀ ਧੁਨੀ

ਤਲਵਿੰਦਰ ਸਿੰਘ ਬੁੱਟਰ

ਅਖੰਡ ਕੀਰਤਨੀ ਜਥੇ ਨੂੰ ਅੱਜ-ਕੱਲ੍ਹ ਆਮ ਲੋਕ 'ਵਾਹਿਗੁਰੂ-ਵਾਹਿਗੁਰੂ' ਵਾਲਿਆਂ ਦਾ ਜਥਾ ਆਖ ਕੇ ਵੀ ਜਾਣਦੇ ਹਨ। ਜਥੇ ਦੀ ਜਿੱਥੇ ਸਿੱਧੀ ਸਾਦੀ ਅਤੇ ਸੰਗਤੀ ਰੂਪ ਵਿਚ ਕੀਰਤਨ ਕਰਨ ਦੀ ਕਲਾ-ਕ੍ਰਿਸ਼ਮੀ ਸ਼ੈਲੀ ਹੈ ਉੱਥੇ ਕੀਰਤਨ ਦੌਰਾਨ 'ਵਾਹਿਗੁਰੂ' ਗੁਰਮੰਤਰ ਦੇ ਨਾਮ ਦੀ ਧੁਨੀ ਲਗਾਉਣ ਕਰਕੇ ਵੀ ਜਥਾ ਅੱਡਰੀ ਪਛਾਣ ਰੱਖਦਾ ਹੈ। ਉਂਜ ਪਿਛਲੇ ਸਮਿਆਂ ਦੌਰਾਨ ਕਈ ਵਾਰੀ ਜਥੇ ਦੇ ਸੂਝਵਾਨ ਤੇ ਨਾਮ-ਰੱਤੇ ਗੁਰਮੁਖ-ਜਨ ਅਖੰਡ ਕੀਰਤਨੀ ਜਥੇ ਵਿਚ ਕੀਰਤਨ ਦੌਰਾਨ ਗੁਰਮੰਤਰ ਦੀ ਧੁਨੀ ਲਗਾਉਣ ਨੂੰ ਨਿਰਬਾਣ ਕੀਰਤਨ ਅਤੇ ਅਖੰਡ ਕੀਰਤਨ ਦੀ ਮੌਲਿਕ ਮਰਯਾਦਾ ਦੇ ਉਲਟ ਦੱਸਦੇ ਆ ਰਹੇ ਹਨ, ਪਰ ਇਸ ਦੇ ਬਾਵਜੂਦ ਜਥੇ ਦੇ ਸਮਾਗਮਾਂ ਦੌਰਾਨ ਕੀਰਤਨੀਏ ਸਿੰਘਾਂ ਵਲੋਂ ਗੁਰਮੰਤਰ ਦੀ ਧੁਨੀ ਲਗਾਉਣ ਦੀ ਰਵਾਇਤ ਘਟਣ ਦੀ ਥਾਂ ਹੋਰ ਜ਼ਿਆਦਾ ਪ੍ਰਚਲਿਤ ਹੋਈ ਹੈ। ਇਸ ਰੁਝਾਨ ਦੇ ਹਮਾਇਤੀ ਬਹੁਗਿਣਤੀ ਸਿੰਘ ਇਹ ਸਮਝਦੇ ਹਨ ਕਿ ਕੀਰਤਨ ਦੌਰਾਨ ਨਾਮ ਦੀ ਧੁਨੀ ਲਗਾਉਣ ਦੀ ਰਵਾਇਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਤੋਂ ਚਲੀ ਆ ਰਹੀ ਹੈ ਜਦੋਂਕਿ ਭਾਈ ਸਾਹਿਬ ਜੀ ਦੀਆਂ ਲਿਖਤਾਂ ਦੇ ਆਧਾਰ 'ਤੇ ਅਤੇ ਉਨ੍ਹਾਂ ਦੇ ਸੰਗੀ-ਸਾਥੀ ਰਹੇ ਗੁਰਮੁਖ ਜਨਾਂ ਕੋਲੋਂ ਕਿਧਰੇ ਵੀ ਅਜਿਹਾ ਕੋਈ ਸਪਸ਼ਟ ਪ੍ਰਮਾਣ ਨਹੀਂ ਮਿਲਦਾ, ਜਿਸ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਨਿਰਬਾਣ ਕੀਰਤਨ ਦੌਰਾਨ ਸ਼ਬਦ ਨੂੰ ਵਿਚਾਲੇ ਰੋਕ ਕੇ ਲੰਬਾ-ਲੰਬਾ ਸਮਾਂ ਅਜੋਕੇ ਸਮੇਂ ਵਾਂਗ ਖੁੱਲ੍ਹਮ-ਖੁੱਲ੍ਹਾ ਗੁਰਮੰਤਰ ਦਾ ਜਾਪ ਕਰਨ ਦੀ ਪ੍ਰੋੜ੍ਹਤਾ ਜਾਂ ਹਮਾਇਤ ਕੀਤੀ ਹੋਵੇ। ਹਥਲੇ ਲੇਖ ਵਿਚ ਅਸੀਂ ਇਸ ਵਿਸ਼ੇ 'ਤੇ ਗੁਰਮਤਿ ਦੀ ਰੌਸ਼ਨੀ ਵਿਚ ਲਿਖਣ ਦੀ ਕੋਸ਼ਿਸ਼ ਕੀਤੀ ਹੈ, ਆਸ ਹੈ ਕਿ ਮਜ਼ਮੂਨ ਜਥੇ 'ਚ ਪੁਰਾਤਨ ਸਮਿਆਂ ਵਾਲੀ ਮੌਲਿਕ ਮਰਯਾਦਾ ਨੂੰ ਬਹਾਲ ਕਰਨ ਅਤੇ ਅਖੰਡ ਕੀਰਤਨ ਪਰੰਪਰਾ ਨੂੰ ਕਾਇਮ ਰੱਖਣ ਲਈ, ਸਾਡੇ ਲਈ ਲਾਹੇਵੰਦ ਸਾਬਤ ਹੋਵੇਗਾ।

ਸਾਲ ੧੯੯੪ ਵਿਚ ਡਾ. ਸਰਬਜੋਤ ਕੌਰ ਲੁਧਿਆਣਾ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਨਿਵੇਕਲੀ ਕੀਰਤਨ ਸ਼ੈਲੀ ਸਬੰਧੀ 'ਸੂਰਾ' ਰਸਾਲੇ ਵਿਚ ਇਕ ਲੇਖ ਲਿਖਿਆ ਸੀ, ਜਿਸ ਵਿਚ ਉਨ੍ਹਾਂ ਨੇ ਇਹ ਦਾਅਵਾ ਕੀਤਾ ਕਿ ਭਾਈ ਸਾਹਿਬ ਦੇ ਕੀਰਤਨ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਉਹ ਕੀਰਤਨ ਵਿਚ ਗੁਰਮੰਤਰ ਦੀ ਧੁਨੀ ਲਗਾਉਂਦੇ ਸਨ। ਮਾਸਟਰ ਜਸਵੰਤ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਾਲਿਆਂ ਨੇ ਇਹ ਲੇਖ ਪੜ੍ਹ ਕੇ ਡਾ. ਸਰਬਜੋਤ ਕੌਰ ਲੁਧਿਆਣਾ ਨੂੰ ਇਕ ਚਿੱਠੀ ਲਿਖੀ ਸੀ ਅਤੇ ਭਾਈ ਸਾਹਿਬ ਵਲੋਂ ਕੀਰਤਨ ਵਿਚ ਨਾਮ ਦੀ ਧੁਨੀ ਲਗਾਉਣ ਸਬੰਧੀ ਕੀਤੇ ਦਾਅਵੇ ਦਾ ਖੰਡਨ ਕੀਤਾ। ਇਸ ਤੋਂ ਬਾਅਦ ਡਾ. ਸਰਬਜੋਤ ਕੌਰ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ ਜੀ ਨਾਲ ਇਸ ਸਬੰਧੀ ਗੱਲਬਾਤ ਕੀਤੀ ਅਤੇ ਭਾਈ ਬਲਬੀਰ ਸਿੰਘ ਜੀ ਨੇ ਵੀ ਮਾਸਟਰ ਜਸਵੰਤ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਾਲਿਆਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ, ਕਿ ਭਾਈ ਸਾਹਿਬ ਕੀਰਤਨ ਵਿਚ ਨਾਮ ਦੀ ਧੁਨੀ ਨਹੀਂ ਲਗਾਉਂਦੇ ਸਨ। ਡਾ. ਸਰਬਜੋਤ ਕੌਰ ਨੇ ਮਾਸਟਰ ਜਸਵੰਤ ਸਿੰਘ ਜੀ ਹੋਰਾਂ ਨੂੰ ਜਵਾਬੀ ਚਿੱਠੀ ਲਿਖੀ, ਜਿਸ ਵਿਚ ਉਨ੍ਹਾਂ ਨੇ ਆਪਣੀ ਗ਼ਲਤੀ ਦਾ ਅਹਿਸਾਸ ਕਰਦਿਆਂ ਲਿਖਿਆ ਕਿ, "ਉਦੋਂ ਮੈਂ ਸ਼ਾਇਦ ਦੋ-ਚਾਰ ਸਾਲ ਦੀ ਸੀ, ਜਦੋਂ ਭਾਈ ਸਾਹਿਬ ਗੁਰਪੁਰੀ ਪਿਆਨਾ ਕਰ ਗਏ। ਮੈਨੂੰ ਤਾਂ ਭਾਈ ਸਾਹਿਬ ਦੇ ਦਰਸ਼ਨ ਕਰਨ ਦਾ ਵੀ ਸੁਭਾਗ ਨਹੀਂ ਪ੍ਰਾਪਤ ਹੋਇਆ। ਜਥੇ ਵਿਚ ਪ੍ਰਚਲਿਤ 'ਵਾਹਿਗੁਰੂ' ਧੁਨੀ ਦਾ ਲਗਾਉਣਾ ਮੈਂ ਅੱਜ ਤੱਕ ਭਾਈ ਸਾਹਿਬ ਜੀ ਤੋਂ ਹੀ ਸ਼ੁਰੂ ਹੋਇਆ ਸਮਝਦੀ ਰਹੀ ਹਾਂ। ਬਹੁਤ ਚੰਗਾ ਹੋਇਆ ਆਪ ਨੇ ਮੇਰੀ ਗ਼ਲਤੀ ਦਾ ਅਹਿਸਾਸ ਕਰਾਇਆ। ਖਿਮਾ ਦੀ ਜਾਚਕ ਹਾਂ। ਬਜ਼ੁਰਗ ਹੋ, ਆਸ ਹੈ ਕਿ ਮਾਫ਼ ਕਰ ਦਿਓਗੇ। ਜੇ ਸਲਾਹ ਦਿਓ ਤਾਂ ਮੈਂ ਇਸ ਦੀ ਲਿਖਤੀ ਮਾਫ਼ੀ 'ਸੂਰਾ' ਵਿਚ ਭੇਜਣ ਲਈ ਤਿਆਰ ਹਾਂ।"

(ਅਗਲੇ ਪੰਨਾ 'ਤੇ ਵੇਖੋ: ਚਿੱਠੀ ਦੀ ਨਕਲ)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਜਿੱਥੇ ਆਪਣੀ ਆਯੂ ਪ੍ਰਯੰਤ ਗੁਰਬਾਣੀ ਦੇ ਅਖੰਡ ਤੇ ਨਿਰਬਾਣ ਕੀਰਤਨ ਦੀ ਸੱਚੀ ਬੰਦਗੀ ਕੀਤੀ ਉੱਥੇ ਉਨ੍ਹਾਂ ਨੇ ਗੁਰਮੰਤਰ ਨਾਮ ਦੀ ਅਤੁੱਟ ਅਭਿਆਸ ਕਮਾਈ ਵੀ ਕੀਤੀ। ਗੁਰਬਾਣੀ ਦੇ ਫ਼ਲਸਫ਼ੇ ਅਤੇ ਭਾਈ ਸਾਹਿਬ ਜੀ ਦੀਆਂ ਲਿਖਤਾਂ ਅਨੁਸਾਰ ਨਾਮ ਤੋਸ਼ੇਖ਼ਾਨੇ ਵਿਚ ਰੱਖਣ ਵਾਲਾ ਇਕ ਗੁੱਝਾ ਤੇ ਨਿਰਮੋਲਕ ਰਤਨ ਹੈ। ਜੈਤਸਰੀ ਰਾਗ 'ਚ ਸ੍ਰੀ ਗੁਰੂ ਰਾਮਦਾਸ ਜੀ ਗੁਰਮੰਤਰ ਨਾਮ ਦੀ ਗੁਪਤਤਾ ਦਾ ਜ਼ਿਕਰ ਇਉਂ ਕਰਦੇ ਹਨ:

**ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥ ( ॥੪॥੫॥)**

**(ਜੈਤਸਰੀ ਮ: ੪, ਅੰਗ: ੬੯੭)**

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 'ਜੋਤਿ ਵਿਗਾਸ' ਪੁਸਤਕ ਵਿਚ 'ਗੁਰਮਤਿ ਨਾਮ-ਗੋਝ ਕਿਉਂ ਰਖਿਆ ਗਿਆ' ਸਿਰਲੇਖ ਹੇਠ ਕਾਵਿ ਸ਼ੈਲੀ ਵਿਚ ਬੜੇ ਨਫ਼ੀਸ ਸ਼ਬਦਾਂ ਵਿਚ ਗੁਰਮੰਤਰ ਦੇ ਗੋਹਜ ਅਤੇ ਨਿਰਮੋਲਕ ਹੀਰਾ ਹੋਣ ਬਾਰੇ ਜ਼ਿਕਰ ਕਰਦੇ ਹਨ।

**"ਗੁਰਮੁਖਿ ਨਾਦ ਹੈ, ਗੁਰਮੁਖਿ ਹੀ ਬੇਦ ਜਾਣੋ,**
**ਗੁਰਮੁਖਿ ਰਮੀਅੜਾ ਸਗਲ ਸ੍ਰਿਸ਼ਟੋਲਿਆਂ ਦਾ।**
**ਗੁਰੂ ਬਾਣੀ ਵਿਖੇ ਆਵੇ ਬਹੁਤ ਥਾਈਂ, ਸ੍ਰੇਸ਼ਟ ਸ਼ਬਦ ਗੁਰਮੁਖਿ ਸ੍ਰੇਸ਼ਟੋਲਿਆਂ ਦਾ।**
**ਗੁਰਮਤਿ ਨਾਮੁ ਗੁਰ ਮੰਤ੍ਰ ਪਰਥਾਇ ਏਹੋ, ਗੁਰਮੁਖਿ ਸ਼ਬਦ ਹੈ ਗੂੜ੍ਹ ਮਰਮੋਲਿਆਂ ਦਾ।**
**ਜਾਣੀ ਜਾਣ ਸਤਿਗੁਰਾਂ ਨੇ ਜਾਣ ਕੇ ਈ, ਗੁੱਝਾ ਰੱਖਿਆ ਭੇਦੁ ਗੁਰਓਹਲਿਆਂ ਦਾ।੧੧੨।"**

ਅਖੰਡ ਕੀਰਤਨ ਦੌਰਾਨ ਵਾਹਿਗੁਰੂ ਗੁਰਮੰਤਰ ਦੀ ਧੁਨੀ ਨਾ ਲਗਾਉਣ ਦੇ ਹਾਮੀ ਗੁਰਸਿੱਖਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਵਿਚ ਭੱਟਾਂ ਦੇ ਸਵੱਈਆਂ ਤੋਂ ਇਲਾਵਾ ਹੋਰ ਕਿਧਰੇ ਵੀ ਵਾਹਿਗੁਰੂ ਗੁਰਮੰਤਰ ਦਾ ਖੁੱਲ੍ਹੇਆਮ ਜ਼ਿਕਰ ਨਹੀਂ ਕੀਤਾ ਗਿਆ। ਨਾਮ ਨੂੰ ਗੁਪਤ ਹੀ ਰੱਖਿਆ ਗਿਆ ਹੈ ਜਾਂ ਸੰਕੇਤਕ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ।

'ਗੁਰਮਤਿ ਲੇਖ' ਪੁਸਤਕ ਵਿਚ 'ਗੁਰਮੰਤ੍ਰ ਅਤੇ ਗੁਰਬਾਣੀ' ਸਿਰਲੇਖ ਹੇਠ ਦਰਜ ਲੇਖ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ:

"ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰ-ਸ਼ਬਦ, ਗੁਰਮੰਤ੍ਰ, ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ

ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜ੍ਹਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ।"

ਇਸ ਤਰ੍ਹਾਂ ਫਿਰ ਕੇਂਦਰੀ ਅਖੰਡ ਕੀਰਤਨ ਸਮਾਗਮਾਂ ਦੀਆਂ ਵੱਡੀਆਂ-ਵੱਡੀਆਂ ਸਟੇਜਾਂ 'ਤੇ ਗੁਰਬਾਣੀ ਕੀਰਤਨ ਦੌਰਾਨ ਖੁੱਲ੍ਹੇਆਮ, ਜਿੱਥੇ ਕਿ ਸੰਗਤ ਵਿਚ ਬਹੁਤ ਸਾਰੇ ਸਰੀਰ ਨਿਗੁਰੇ ਵੀ ਬੈਠੇ ਹੁੰਦੇ ਹਨ, ਉਥੇ ਨਾਮ ਦੀ ਧੁਨੀ ਲਗਾ ਕੇ ਨਾਮ ਦੇ ਗੋਹਜ ਰਤਨ ਦੀ ਖੁੱਲ੍ਹਮ-ਖੁੱਲ੍ਹੀ ਖੇਡ ਰਚਾਉਣੀ ਕਿਸ ਤਰ੍ਹਾਂ ਗੁਰਮਤਿ ਹੋ ਸਕਦੀ ਹੈ ?

ਹੁਣ ਜਥੇ ਵਿਚ ਅਖੰਡ ਕੀਰਤਨ ਦੌਰਾਨ ਨਾਮ ਦੀ ਧੁਨੀ ਲਗਾਉਣ ਦੀ ਤਰਫ਼ਦਾਰੀ ਕਰਨ ਵਾਲੇ ਗੁਰਮੁਖ ਸੱਜਣ ਭਾਈ ਸਾਹਿਬ ਜੀ ਦੀ ਪੁਸਤਕ 'ਗੁਰਮਤਿ ਲੇਖ' ਦੇ ਹੀ 'ਗੁਰਮਤਿ-ਰਮਜ਼ਾਂ' ਸਿਰਲੇਖ ਹੇਠਲੇ ਲੇਖ ਵਿਚ ਦਰਜ ਹਵਾਲੇ ਨੂੰ ਆਪਣੇ ਪੱਖ ਵਿਚ ਵਰਤਦੇ ਹਨ ਕਿ:

"ਗੁਰ-ਉਪਦੇਸ਼ੇ ਹੁਕਮਾਂ ਵਿਚੋਂ ਸ੍ਰੇਸ਼ਟ ਹੁਕਮ ਨਾਮ ਅਭਿਆਸ ਸੰਗਿ ਗੁਰਬਾਣੀ ਦਾ ਕੀਰਤਨ ਕਰਨਾ ਹੈ। ਨਾਮ ਅਭਿਆਸ ਵਿਚੋਂ ਹੱਟ ਕੇ ਨਹੀਂ, ਬਲਕਿ ਇਸ ਵਿਚ ਲਗੇ ਰਹਿ ਕੇ ਹੀ ਕੀਰਤਨ ਕਰਨਾ ਹੈ। ਨਾਮ ਪ੍ਰਥਾਇ ਤਾਂ ਹੁਕਮ ਹੈ "ਹਰਿ ਕਾ ਨਾਮੁ ਜਪਹੁ ਜੀਅ ਸਦਾ" ਸਦਾ ਸਦਾ ਲਈ ਜਪੀ ਚਲੋ, ਸਿਮਰੀ ਚਲੋ, ਸੁਆਸ ਸੁਆਸ ਸਿਮਰੀ ਚਲੋ:

**ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥...੨॥( ॥੪॥੧੭॥੪੭॥)**
**(ਬਿਲਾਵਲੁ ਮ: ੫, ਪੰਨਾ: ੮੧੨)**

ਕੀਰਤਨ ਕਰਦਿਆਂ ਭੀ ਨਾਮ ਜਪਣਾ ਹੈ, ਤੇ ਨਾਮ ਜਪਦਿਆਂ ਭੀ ਕੀਰਤਨ ਕਰਨਾ ਹੈ। ਇਹ ਵਿਉਂਤ ਕਿਵੇਂ ਬਣ ਆਵੇ, ਏਸ ਰਮਜ਼ ਨੂੰ ਨਾਮ ਅਭਿਆਸ ਕਮਾਈ ਵਾਲੇ ਅਭਿਆਸੀ ਜਨ ਹੀ ਜਾਣਦੇ ਹਨ।"

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਇਸ ਕਥਨ ਕਿ,"ਗੁਰ-ਉਪਦੇਸ਼ੇ ਹੁਕਮਾਂ ਵਿਚੋਂ ਸ੍ਰੇਸ਼ਟ ਹੁਕਮ ਨਾਮ ਅਭਿਆਸ ਸੰਗਿ ਗੁਰਬਾਣੀ ਦਾ ਕੀਰਤਨ ਕਰਨਾ ਹੈ। ਨਾਮ ਅਭਿਆਸ ਵਿਚੋਂ ਹੱਟ ਕੇ ਨਹੀਂ, ਬਲਕਿ ਇਸ ਵਿਚ ਲਗੇ ਰਹਿ ਕੇ ਹੀ ਕੀਰਤਨ ਕਰਨਾ ਹੈ।" ਅਤੇ "ਕੀਰਤਨ ਕਰਦਿਆਂ ਭੀ ਨਾਮ ਜਪਣਾ ਹੈ, ਤੇ ਨਾਮ ਜਪਦਿਆਂ ਭੀ ਕੀਰਤਨ ਕਰਨਾ ਹੈ।" ਨੂੰ ਅਖੰਡ ਕੀਰਤਨ ਵਿਚ ਗੁਰਮੰਤਰ ਦੀ ਧੁਨੀ ਲਗਾਉਣ ਵਾਲੇ ਗੁਰਮੁਖ ਸੱਜਣ ਇਸ ਗੱਲ ਦੀ ਪ੍ਰੋੜ੍ਹਤਾ ਵਜੋਂ ਤਾਂ ਦੇਖਦੇ



ਡਾ. ਸਰਬਜੋਤ ਕੌਰ ਲੁਧਿਆਣਾ ਵਲੋਂ ਮਾਸਟਰ ਜਸਵੰਤ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਾਲਿਆਂ ਨੂੰ ਲਿਖੀ ਗਈ ਜਵਾਬੀ ਚਿੱਠੀ, ਜਿਸ 'ਚ ਉਨ੍ਹਾਂ ਨੇ ਦੱਸਿਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਭਾਈ ਸਾਹਿਬ ਕੀਰਤਨ ਵਿਚ ਗੁਰਮੰਤਰ ਦੀ ਧੁਨੀ ਨਹੀਂ ਲਗਾਉਂਦੇ ਸਨ।

ਹਨ ਕਿ ਭਾਈ ਸਾਹਿਬ ਨੇ ਇਸ ਤਰ੍ਹਾਂ ਅਖੰਡ ਕੀਰਤਨ ਦੌਰਾਨ ਗੁਰਮੰਤਰ ਦੇ ਜਾਪ ਨੂੰ ਗੁਰਮਤਿ ਅਨੁਸਾਰੀ ਠਹਿਰਾਇਆ ਹੈ ਪਰ ਇਸੇ ਉਪਰੋਕਤ ਕਥਨ ਦੀ ਅਗਲੀ ਸਤਰ ਵਿਚਲੇ ਵਾਹਿਗੁਰੂ ਨਾਮ ਦੇ ਸਿਮਰਨ ਦੇ ਗੋਹਜ ਤੇ ਅੰਤਰੀਵ ਭਾਵ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ ਕਿ, "ਇਹ ਵਿਉਂਤ ਕਿਵੇਂ ਬਣ ਆਵੇ, ਏਸ ਰਮਜ਼ ਨੂੰ ਨਾਮ ਅਭਿਆਸ ਕਮਾਈ ਵਾਲੇ ਅਭਿਆਸੀ ਜਨ ਹੀ ਜਾਣਦੇ ਹਨ।"

ਭਾਈ ਸਾਹਿਬ ਜੀ ਨੇ ਨਾਮ ਅਭਿਆਸ ਸੰਗਿ ਗੁਰਬਾਣੀ ਕੀਰਤਨ ਕਰਨ ਦੀ ਕਿਹੜੀ ਵਿਧੀ ਦੀ ਗੱਲ ਕੀਤੀ ਹੈ, ਇਹ ਨਿਸਤਾਰਾ ਵੀ ਭਾਈ ਸਾਹਿਬ ਜੀ ਦੀਆਂ ਲਿਖਤਾਂ ਅੰਦਰ ਹੀ ਦਰਜ ਹੈ। ਇਸ ਸੰਦਰਭ 'ਚ 'ਗੁਰਮਤਿ ਲੇਖ' ਪੁਸਤਕ ਦੇ 'ਗੁਰਮੰਤ੍ਰ ਅਤੇ ਗੁਰਬਾਣੀ' ਲੇਖ ਵਿਚ ਦਰਜ ਹੇਠਾਂ ਦਿੱਤੇ ਕਥਨ ਧਿਆਨ ਮੰਗਦੇ ਹਨ:

"ਗੁਰਬਾਣੀ ਅਤੇ ਗੁਰ-ਸ਼ਬਦ (ਗੁਰਮੰਤ੍ਰ ਨਾਮ) ਦਾ ਪਾਰਸ-ਕਲਾ ਲਖਾਇਕ ਭਾਵ ਇਕੋ ਹੀ ਹੈ, ਪ੍ਰੰਤੂ ਦਾਤਿ ਜੋਤਿ ਲਖਾਉਣੀ ਜੁਗਤ ਵਿਚ ਭਿੰਨਤਾ ਹੈ। ਗੁਰਬਾਣੀ ਕੇਵਲ ਬੈਖਰੀ ਬਾਣੀ ਅਰਥਾਤ ਮੁਖ ਅਤੇ ਰਸਨਾ ਕਰਕੇ ਹੀ ਰਟੀ ਜਪੀ ਜਾ ਸਕਦੀ ਹੈ, ਪ੍ਰੰਤੂ ਗੁਰ-ਸ਼ਬਦ ਦਾ ਅਭਿਆਸ ਰਸਨਾ ਦੁਆਰਾ ਭੀ ਹੋ ਸਕਦਾ ਹੈ, ਸੁਆਸਾਂ ਤੇ ਸੁਰਤੀ ਦੁਆਰਾ ਭੀ ਹੋ ਸਕਦਾ ਹੈ। ਗੁਰ-ਸ਼ਬਦ ਦੇ ਅਭਿਆਸ ਦੁਆਰਾ ਸਾਸ ਸਾਸ ਲੇਖੇ ਲਗ ਜਾਂਦਾ ਹੈ। ਇਕ ਸੁਆਸ ਵੀ ਬਿਰਥਾ ਨਹੀਂ ਜਾਂਦਾ, ਕਿਉਂਕਿ ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ, ਰਸਨਾ ਦੁਆਰਾ, ਅਥਵਾ ਸੁਆਸਾਂ ਦੁਆਰਾ ਯਾ ਸੁਰਤੀ ਦੁਆਰਾ।"

ਜਿਹੜੇ ਗੁਰਮੁਖ ਸੱਜਣ ਅਖੰਡ ਕੀਰਤਨ ਦੌਰਾਨ ਗੁਰਮੰਤਰ ਦੀ ਧੁਨੀ ਲਗਾਉਣ ਨੂੰ ਵਾਜਬ ਦੱਸਣ ਲਈ ਭਾਈ ਸਾਹਿਬ ਜੀ ਦੇ ਇਸ ਕਥਨ ਦੇ ਸ਼ਾਬਦਿਕ ਤੇ ਸਤਹੀ ਅਰਥ ਨੂੰ ਆਪਣੀ ਦਲੀਲ ਦਾ ਆਧਾਰ ਬਣਾਉਂਦੇ ਹਨ ਕਿ, "ਗੁਰ-ਉਪਦੇਸ਼ੇ ਹੁਕਮਾਂ ਵਿਚੋਂ ਸ੍ਰੇਸ਼ਟ ਹੁਕਮ ਨਾਮ ਅਭਿਆਸ ਸੰਗਿ ਗੁਰਬਾਣੀ ਦਾ ਕੀਰਤਨ ਕਰਨਾ ਹੈ। ਨਾਮ ਅਭਿਆਸ ਵਿਚੋਂ ਹੱਟ ਕੇ ਨਹੀਂ, ਬਲਕਿ ਇਸ ਵਿਚ ਲਗੇ ਰਹਿ ਕੇ ਹੀ ਕੀਰਤਨ ਕਰਨਾ ਹੈ।" ਉਨ੍ਹਾਂ ਗੁਰਮੁਖਾਂ ਲਈ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ 'ਰੰਗਲੇ ਸੱਜਣ' ਵਿਚ 'ਭਾਈ ਸਰਵਣ ਸਿੰਘ ਜੀ (ਫੱਲੇਵਾਲ)' ਦੇ ਨਾਮ-ਅਭਿਆਸੀ ਉੱਚ ਤਰੰਗੀ ਆਤਮ ਬਿਰਤੀ ਜੀਵਨ ਬਾਰੇ ਦਰਜ ਅਗਲੇ ਕਥਨ ਧਿਆਨ ਦੇਣ ਯੋਗ ਹਨ:

"ਭਾਈ ਸਰਵਣ ਸਿੰਘ ਜੀ ਦਾ ਜੀਵਨ ਇਕ ਅਲੌਕਿਕ ਸਿੱਖੀ ਜੀਵਨ ਹੋ ਗੁਜ਼ਰਿਆ ਹੈ। ਉਨ੍ਹਾਂ ਦੇ ਅਖੰਡ ਪਾਠ ਦੇ ਵੇਗ ਦੀ ਇਕ ਵਿਸਮਾਦ-ਜਨਕ ਅਲੌਕਿਕਤਾ ਇਹ ਸੀ ਕਿ ਮੁਖਾਰਬਿੰਦ ਤੋਂ ਸਾਰੇ ਜ਼ੋਰ ਨਾਲ ਬੈਖਰੀ ਬਾਣੀ ਦਵਾਰਾ ਰਸਨਾ ਰਾਹੀਂ ਅਖੰਡ ਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ-ਸਵਾਸ ਰਾਹੀਂ ਅਖੰਡ ਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ-ਅਭਿਆਸੀ-ਸ਼ਬਦ ਸੁਰਤਾਸੀ-ਨਾਮ ਦਾ ਖੰਡਾ ਭੀ ਖੜਕਾਈ ਚਲੇ ਜਾਣਾ।"

ਹੁਣ ਇੱਥੇ ਕੀ ਕਿਹਾ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੌਰਾਨ ਵੀ ਬੈਖਰੀ ਬਾਣੀ (ਮੁਖ ਅਤੇ ਰਸਨਾ ਦੁਆਰਾ) ਗੁਰਮੰਤਰ ਦਾ

ਅਭਿਆਸ ਕਰ ਲੈਣਾ ਚਾਹੀਦਾ ਹੈ? ਬਿਲਕੁਲ ਨਹੀਂ! ਇਸ ਤਰ੍ਹਾਂ ਕਰਨ ਨਾਲ ਤਾਂ ਅਖੰਡ ਪਾਠ ਖੰਡਤ ਹੋ ਜਾਵੇਗਾ।

ਜਿਵੇਂ ਭਾਈ ਸਾਹਿਬ ਗੁਰਬਾਣੀ ਅਤੇ ਗੁਰਮੰਤਰ ਦੀ 'ਦਾਤਿ ਜੋਤਿ ਲਖਾਉਣੀ ਜੁਗਤ ਵਿਚ ਭਿੰਨਤਾ' ਦਾ ਨਿਤਾਰਾ ਕਰਦਿਆਂ ਲਿਖਦੇ ਹਨ, "ਗੁਰਬਾਣੀ ਕੇਵਲ ਬੈਖਰੀ ਬਾਣੀ ਅਰਥਾਤ ਮੁਖ ਅਤੇ ਰਸਨਾ ਕਰਕੇ ਹੀ ਰਟੀ ਜਪੀ ਜਾ ਸਕਦੀ ਹੈ, ਪ੍ਰੰਤੂ ਗੁਰ-ਸ਼ਬਦ ਦਾ ਅਭਿਆਸ ਰਸਨਾ ਦੁਆਰਾ ਭੀ ਹੋ ਸਕਦਾ ਹੈ, ਸੁਆਸਾਂ ਤੇ ਸੁਰਤੀ ਦੁਆਰਾ ਭੀ ਹੋ ਸਕਦਾ ਹੈ।" ਇਸ ਤਰ੍ਹਾਂ ਗੁਰਬਾਣੀ ਤਾਂ ਕੇਵਲ ਮੁਖ ਅਤੇ ਰਸਨਾ ਕਰਕੇ ਹੀ ਜਪੀ ਜਾਂ ਗਾਈ ਜਾ ਸਕਦੀ ਹੈ ਪਰ ਇਸ ਦੇ ਨਾਲ-ਨਾਲ ਹੀ ਭਾਈ ਸਾਹਿਬ ਦੇ ਕਥਨ, **"ਨਾਮ ਅਭਿਆਸ ਵਿਚੋਂ ਹੱਟ ਕੇ ਨਹੀਂ, ਬਲਕਿ ਇਸ ਵਿਚ ਲਗੇ ਰਹਿ ਕੇ ਹੀ ਕੀਰਤਨ ਕਰਨਾ ਹੈ।"** ਅਤੇ "ਕੀਰਤਨ ਕਰਦਿਆਂ ਭੀ ਨਾਮ ਜਪਣਾ ਹੈ, ਤੇ ਨਾਮ ਜਪਦਿਆਂ ਭੀ ਕੀਰਤਨ ਕਰਨਾ ਹੈ।" ਦੀ ਜੁਗਤ ਇਹੀ ਜਲਵਾਗਰ ਹੁੰਦੀ ਹੈ ਕਿ ਮੁਖਾਰਬਿੰਦ ਤੋਂ ਗੁਰਬਾਣੀ ਦਾ ਅਖੰਡ ਕੀਰਤਨ ਜਾਂ ਅਖੰਡ ਪਾਠ ਕਰਦਿਆਂ ਵੀ ਸੁਰਤੀ ਦੁਆਰਾ ਜਾਂ ਨਾਭੀ ਵਿਚ ਚੱਲਦੇ ਗੁਰਮੰਤਰ ਦੇ ਸਿਮਰਨ ਕਰਕੇ ਸੁਆਸਾਂ ਨੂੰ ਸਫਲ ਕਰਨਾ, ਗੁਰਮਤਿ ਵਿਚ ਗੁਰਮੁਖ ਜਨਾਂ ਦੀ ਵਿਸ਼ੇਸ਼ ਆਤਮਿਕ ਕਮਾਈ ਅਤੇ ਨਾਮ ਅਭਿਆਸੀ ਆਤਮ ਬਿਰਤੀ ਦੀ ਅਲੌਕਿਕਤਾ ਦਾ ਲਖਾਇਕ ਹੈ। ਇਹ ਸਥਿਤੀ ਬਹੁਤ ਅਗਾਂਹ ਦੀ ਹੈ। ਆਤਮਿਕ ਜੀਵਨ ਦੇ ਇਸ ਪੜਾਅ 'ਤੇ ਵਿਰਲੇ ਗੁਰਸਿੱਖ ਹੀ ਪਹੁੰਚੇ ਹੁੰਦੇ ਹਨ।

'ਸੂਰਾ' ਮਾਸਿਕ ਪੱਤਰ ਦੇ ਜੁਲਾਈ ੧੯੭੯ ਅੰਕ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਦੇ ਕਲਾ-ਕ੍ਰਿਸ਼ਮੀ ਅਖੰਡ ਕੀਰਤਨ ਤੇ ਰੈਣਿ ਸਬਾਈ ਸਮਾਗਮਾਂ ਦਾ ਅਲੌਕਿਕ ਵਰਨਨ 'ਨਾਂਰੰਗਵਾਲ ਦੇ ਕਲਾ-ਕ੍ਰਿਸ਼ਮੀ ਸਮਾਗਮਾਂ ਦੀਆਂ ਮਿਠੀਆਂ ਯਾਦਾਂ' ਸਿਰਲੇਖ ਹੇਠ ਕੀਤਾ ਗਿਆ ਸੀ। ਇਹ ਲੇਖ 'ਸੂਰਾ ਪਰਿਵਾਰ' ਦੇ ਨਾਂਅ ਹੇਠ ਛਪਿਆ ਸੀ ਅਤੇ ਉਸ ਵੇਲੇ 'ਸੂਰਾ' ਦੇ ਸੰਪਾਦਕ ਭਾਈ ਸੇਵਾ ਸਿੰਘ ਜੀ ਅਤੇ ਸੰਪਾਦਕੀ ਬੋਰਡ ਵਿਚ ਭਾਈ ਜੋਗਿੰਦਰ ਸਿੰਘ ਜੀ, ਭਾਈ ਰਾਮ ਸਿੰਘ ਜੀ, ਪ੍ਰੋ. ਗੁਰਮੁਖ ਸਿੰਘ ਜੀ, ਗਿਆਨੀ ਗੁਰਬਚਨ ਸਿੰਘ ਜੀ ਅਤੇ ਭਾਈ ਸੇਵਾ ਸਿੰਘ ਜੀ ਸਨ। ਸਪਸ਼ਟ ਹੈ ਕਿ ਉਹ ਲੇਖ ਸੰਪਾਦਕ ਅਤੇ ਸੰਪਾਦਕੀ ਬੋਰਡ ਵਿਚਲੇ ਸਾਰੇ ਗੁਰਮੁਖ ਪਿਆਰਿਆਂ ਕੋਲ ਮੌਜੂਦ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਨਾਲ ਸਬੰਧਿਤ ਜਾਣਕਾਰੀ ਅਤੇ ਯਾਦਾਂ 'ਤੇ ਆਧਾਰਤ ਹੀ ਲਿਖਿਆ ਗਿਆ ਹੋਵੇਗਾ। ਉਸ ਲੇਖ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਦੇ ਰੈਣਿ ਸਬਾਈ ਕੀਰਤਨ ਸਮਾਗਮਾਂ ਦੌਰਾਨ ਵਰਤਦੀਆਂ ਰਹੀਆਂ ਅਗੰਮੀ ਕਲਾਵਾਂ, ਕੀਰਤਨ ਦੀ ਸ਼ੈਲੀ ਅਤੇ ਕੀਰਤਨੀ ਸਿੰਘਾਂ ਦੇ ਉੱਚ ਸੰਜਮੀ ਜੀਵਨ ਦਾ ਜੋ ਜ਼ਿਕਰ ਆਉਂਦਾ ਹੈ, ਉਹ ਅੱਜ ਜਥੇ ਵਿਚਲੀ ਕੀਰਤਨ ਦੀ ਬਦਲ ਰਹੀ ਸ਼ੈਲੀ ਅਤੇ ਹਉਮੈ ਵੱਸ ਕੀਰਤਨ ਦੀਆਂ ਵਾਰੀਆਂ ਲੈਣ ਲਈ ਅਕਸਰ ਸਟੇਜਾਂ 'ਤੇ ਹੀ ਅਸਹਿਜ ਹੋ ਕੇ ਚੰਚਲਤਾ ਦਾ ਮੁਜ਼ਾਹਰਾ ਕਰਦੇ ਕੀਰਤਨੀਏ ਸਿੰਘਾਂ ਲਈ ਸਬਕ ਹੈ:

"ਰੈਣ ਸਬਾਈ ਕੀਰਤਨ ਵਿਚ ਜੋ ਕਲਾ ਵਰਤਦੀ, ਉਹ ਅੰਮ੍ਰਿਤ ਵੇਲੇ ਦੇ ਕੀਰਤਨਾਂ ਤੋਂ ਵੀ ਵੱਧ ਅਦਭੁੱਤ ਹੁੰਦੀ। ਲਗਾਤਾਰ ਪਹਿਲੇ ਸਮਾਗਮਾਂ ਦੇ ਕੀਰਤਨ-ਰੰਗਾਂ ਅਤੇ ਗੁਰਬਾਣੀ ਦੀ ਪਾਰਸ-ਕਲਾ ਦਾ ਪ੍ਰਭਾਵ ਪ੍ਰੇਮੀ ਜੀਊੜਿਆਂ 'ਤੇ ਹੋਰ-ਹੋਰ ਗੂੜ੍ਹਾ ਹੁੰਦਾ ਜਾਂਦਾ। ਕਈ ਰੂਹਾਂ ਤਾਂ ਇੰਨੀਆਂ ਬਿਹਬਲ ਹੋ ਜਾਂਦੀਆਂ ਕਿ ਨਾਮ ਦੇ ਖੰਡੇ, ਘੜੀ ਨੂੰ ਚਾਬੀ ਲੱਗ ਜਾਣ ਵਾਂਗ, ਇਕ ਰਸ ਖੜਕੀ ਜਾਂਦੇ ਅਤੇ ਉਨ੍ਹਾਂ ਦਾ ਅਟਕਾਅ ਜਾਂ ਠਹਿਰਾਅ ਨਾ ਹੁੰਦਾ। ਬਿਹਬਲ ਦਸ਼ਾ ਵਿਚ ਉਹ ਐਸੇ ਬੇਸੁਧ ਹੋ-ਹੋ ਪੈਂਦੇ ਕਿ ਸਾਥੀ ਜੀਊੜਿਆਂ ਨੂੰ ਵੀ ਰੰਗ ਵਿਚ ਰੰਗੀ ਜਾਂਦੇ। ਕੀਰਤਨ ਆਪਣੇ ਚਲੂਲੇ ਰੰਗਾਂ ਵਿਚ ਜਾਰੀ ਰਹਿੰਦਾ। ਸਾਰੇ ਕੀਰਤਨੀਏ ਗੁਰਮੁਖ ਵੀਰ-ਭੈਣਾਂ ਮੁੱਢ ਤੋਂ ਲੈ ਕੇ ਸਮਾਪਤੀ ਤੱਕ ਕੀਰਤਨ-ਰੰਗਾਂ ਵਿਚ ਕੀਰਤਨ-ਅਖਾੜੇ ਵਿਚ ਵਿਸਮਾਦਤ ਹੋਏ ਅਨੰਦ ਮਾਣਦੇ ਰਹਿੰਦੇ। ਕੀਰਤਨ ਦੀਆਂ ਵਾਰੀਆਂ ਲੈਣ ਦਾ ਕਿਸੇ ਨੂੰ ਫੁਰਨਾ ਹੀ ਨਹੀਂ ਸੀ ਹੁੰਦਾ।"

ਉਪਰੋਕਤ ਕਥਨਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੱਚਖੰਡ ਪਿਆਨਾ ਕਰਨ ਤੋਂ ਪਹਿਲਾਂ ਅਖੰਡ ਕੀਰਤਨੀ ਜਥੇ ਵਿਚ ਕੀਰਤਨ ਦੌਰਾਨ ਨਾਮ ਦੀ ਧੁਨੀ ਲਗਾਉਣ ਦੀ ਰਵਾਇਤ ਨਹੀਂ ਸੀ। ਕਦੇ-ਕਦਾਈਂ ਅਖੰਡ ਕੀਰਤਨ ਦੀਆਂ ਛਹਿਬਰਾਂ ਦੌਰਾਨ ਕੀਰਤਨੀ ਸਿੰਘਾਂ ਦੇ ਪਿੱਛੇ ਬੈਠੇ ਨਾਮ ਰੱਤੇ ਰੰਗ ਚਲੂਲੇ ਗੁਰੂ ਕੇ ਲਾਲ ਆਪ-ਮੁਹਾਰੇ ਬੇਵੱਸ ਹੋ ਕੇ ਨਾਮ ਜਪਣ ਲੱਗ ਜਾਂਦੇ ਸਨ, ਨਾ ਕੇ ਮਿੱਥ ਕੇ, ਪਰ ਕੀਰਤਨੀਏ ਸਿੰਘਾਂ ਵਲੋਂ ਨਾਮ ਦੀ ਧੁਨੀ ਲਗਾਉਣ ਦਾ ਕੋਈ ਵਿਧਾਨ ਨਹੀਂ ਸੀ। ਕੀਰਤਨ ਬੇਰੋਕ ਜਾਰੀ ਰਹਿੰਦਾ ਸੀ। 'ਨਾਂਰੰਗਵਾਲ ਦੇ ਕਲਾ-ਕ੍ਰਿਸ਼ਮੀ ਸਮਾਗਮਾਂ ਦੀਆਂ ਮਿਠੀਆਂ ਯਾਦਾਂ' ਲੇਖ ਵਿਚ ਹੀ ਅੱਗੇ ਜਾ ਕੇ ਸਪਸ਼ਟ ਕੀਤਾ ਗਿਆ ਹੈ:

"ਨਾਂਰੰਗਵਾਲ ਸਮਾਗਮ ਵਿਚ ਨਾਮ-ਰਸੀਏ ਵੀਰ-ਭੈਣਾਂ ਹੀ ਬਹੁਤੇ ਕਰਕੇ ਪੁੱਜੇ ਹੁੰਦੇ ਸਨ ਅਤੇ ਨੁਮਾਇਸ਼ੀ ਤੇ ਚੰਚਲ ਪਹਿਰਾਵਿਆਂ ਤੇ ਉਖੜੀਆਂ ਬਿਰਤੀਆਂ ਵਾਲੇ ਸਰੀਰ ਵੇਖਣ ਵਿਚ ਨਹੀਂ ਆਉਂਦੇ ਸਨ। ਨਿਗੁਰਿਆਂ ਤੇ ਸਾਕਤਾਂ ਪੁਰਸ਼ਾਂ ਦਾ ਉਥੇ ਕੀ ਕੰਮ? ਪਰ ਇਸ ਦੇ ਬਾਵਜੂਦ ਗੁਰਮੰਤ੍ਰ ਜਾਪ ਦੀ ਖੁੱਲ੍ਹ-ਖੇਡ ਨਹੀਂ ਸੀ ਹੁੰਦੀ, ਸਗੋਂ ਜੇ ਕੋਈ ਰੂਹ ਬਿਰਹੋਂ ਰਸ-ਬੀਧੀ ਜਾਂਦੀ ਅਤੇ ਉਸ ਦਾ ਨਾਮ-ਅਭਿਆਸੀ ਖੰਡਾ ਜ਼ੋਰੋ-ਜ਼ੋਰ ਚੱਲ ਪੈਂਦਾ ਤਾਂ ਉਹ ਆਪਣੇ ਹਾਲ, ਸਾਰੀ-ਸਾਰੀ ਰਾਤ ਉਸ ਬਿਹਬਲ ਅਵਸਥਾ ਵਿਚ ਰੰਗ ਮਾਣਦੀ ਰਹਿੰਦੀ ਅਤੇ ਕੀਰਤਨ ਆਪਣੀ ਥਾਂ ਜਾਰੀ ਰਹਿੰਦਾ। ਗੰਭੀਰ ਅਵਸਥਾ ਵਾਲੇ ਸੁਝਵਾਨ ਸੱਜਣ ਉਨ੍ਹਾਂ ਨੂੰ ਵੀ ਪਿਆਰ ਨਾਲ ਹਟਕਦੇ ਹੋੜਦੇ ਅਤੇ ਕਹਿੰਦੇ ਕਿ ਗੁਪਤ ਵਰਤੋ, ਹਿਰਦੇ ਵਿਚ ਸਿਮਰੋ।"

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਰਹੇ ਗੁਰਪੁਰਵਾਸੀ ਬਾਪੂ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲੇ ਦੱਸਦੇ ਹੁੰਦੇ ਸਨ ਕਿ ਇਕ ਵਾਰ ਕੀਰਤਨ ਸਮਾਗਮ ਦੌਰਾਨ ਕਿਸੇ ਕੀਰਤਨੀਏ ਸਿੰਘ ਨੇ ਨਾਮ ਦੀ ਧੁਨੀ ਲਗਾ ਦਿੱਤੀ। ਹੌਲੀ-ਹੌਲੀ ਸਾਰੇ ਸਿੰਘਾਂ ਨੇ ਧੁਨੀ ਨੂੰ ਉੱਚਾ ਚੁੱਕ ਦਿੱਤਾ। ਭਾਈ ਸਾਹਿਬ ਜੀ ਕੁਝ ਸਮਾਂ ਦੇਖਦੇ ਰਹੇ, ਜਦੋਂ ਕੀਰਤਨੀਏ ਸਿੰਘ ਨੇ ਨਾਮ ਦੀ ਧੁਨੀ ਲਗਾਤਾਰ ਜਾਰੀ ਰੱਖੀ ਤਾਂ ਭਾਈ ਸਾਹਿਬ ਜੀ ਬੀਰ ਰਸ ਵਿਚ ਆ ਕੇ ਜੋੜੀ ਵਜਾਉਣ ਵਾਲੇ ਨੂੰ ਆਖਣ ਲੱਗੇ- "ਤੋੜਾ ਦੇ ਦੇ।" ਭਾਵ; ਜੋੜੀ ਵਜਾਉਣੀ ਬੰਦ ਕਰ ਦੇ। ਜੋੜੀ ਵਜਾਉਣ ਵਾਲੇ ਸਿੰਘ ਨੇ ਜੋੜੀ ਨੂੰ ਤੋੜਾ ਦੇ ਦਿੱਤਾ ਅਤੇ ਕੀਰਤਨੀਏ ਨੇ ਧੁਨੀ ਲਗਾਉਣੀ ਬੰਦ ਕਰ ਦਿੱਤੀ।

ਕਈ ਸਾਲ ਪਹਿਲਾਂ ਭਾਈ ਸਾਹਿਬ ਭਾਈ ਜੀਵਨ ਸਿੰਘ ਜੀ ਟੋਰਾਂਟੋ (ਕੈਨੇਡਾ) ਦੇ ਓਲਡ ਵੈਸਟਨ ਗੁਰਦੁਆਰਾ ਸਾਹਿਬ ਵਿਖੇ ਜਥੇ ਦੇ ਸਿੰਘਾਂ ਵਿਚ ਅੰਮ੍ਰਿਤ ਵੇਲਾ ਕਰਨ ਲਈ ਪਹੁੰਚੇ ਸਨ। ਉਥੇ ਨਿੱਤਨੇਮ ਤੋਂ ਬਾਅਦ ਟੋਰਾਂਟੋ ਦੇ ਕੁਝ ਸਿੰਘਾਂ, ਜਿਨ੍ਹਾਂ ਵਿਚ ਭਾਈ ਜਗਤਾਰ ਸਿੰਘ ਜੀ, ਭਾਈ ਜਸਬੀਰ ਸਿੰਘ ਜੀ, ਭਾਈ ਕੁਲਬੀਰ ਸਿੰਘ ਜੀ ਅਤੇ ਭਾਈ ਜਸਪ੍ਰੀਤ ਸਿੰਘ ਜੀ ਆਦਿ ਨੇ ਭਾਈ ਜੀਵਨ ਸਿੰਘ ਜੀ ਕੋਲੋਂ ਕੁਝ ਸਵਾਲ ਪੁੱਛੇ, ਜਿਨ੍ਹਾਂ ਵਿਚੋਂ ਪਹਿਲਾ ਇਹ ਕਿ, ਕੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਤੁਸੀਂ ਕੀਰਤਨ ਦੌਰਾਨ ਗੁਰਮੰਤਰ ਦੀ ਧੁਨੀ ਲਾਉਂਦੇ ਸੀ? ਤਾਂ ਉਨ੍ਹਾਂ ਜਵਾਬ 'ਨਾਂਹ' ਵਿਚ ਦਿੱਤਾ। ਦੂਜਾ ਸਵਾਲ ਇਹ ਕਿ, ਕੀ ਭਾਈ ਸਾਹਿਬ ਅਤੇ ਉਨ੍ਹਾਂ ਦੇ ਸੰਗੀ-ਸਾਥੀਆਂ ਵਿਚੋਂ ਕੋਈ ਵੀ ਕੀਰਤਨ ਦੌਰਾਨ ਧੁਨੀ ਲਾਉਂਦਾ ਸੀ? ਤਾਂ ਇਹ ਜਵਾਬ ਵੀ ਉਨ੍ਹਾਂ 'ਨਾਂਹ' ਵਿਚ ਦਿੱਤਾ। ਤੀਜਾ ਸਵਾਲ ਇਹ ਸੀ ਕਿ, ਤਾਂ ਫਿਰ ਤੁਸੀਂ ਧੁਨੀ ਕਿਵੇਂ ਲਗਾਉਣ ਲੱਗ ਪਏ? ਉਨ੍ਹਾਂ ਜਵਾਬ ਦਿੱਤਾ, ਅਸੀਂ ਦੇਖਾਦੇਖੀ ਲਾਉਣ ਲੱਗ ਪਏ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੇਕਰ ਅਖੰਡ ਕੀਰਤਨ ਦੌਰਾਨ ਨਾਮ ਦੀ ਧੁਨੀ ਨਹੀਂ ਲਗਾਉਂਦੇ ਸਨ ਤਾਂ ਫੇਰ ਨਿਰਬਾਣ ਕੀਰਤਨ ਦੌਰਾਨ ਧੁਨੀ ਲਗਾਉਣ ਦੀ ਅਖੰਡ ਕੀਰਤਨੀ ਜਥੇ ਵਿਚ ਰੀਤ ਕਦੋਂ ਅਤੇ ਕਿਵੇਂ ਪ੍ਰਚਲਿਤ ਹੋਈ, ਇਹ ਸਵਾਲ ਵੀ ਉੱਠਣਾ ਲਾਜ਼ਮੀ ਹੈ। ਪੁਰਾਤਨ ਸਿੰਘਾਂ

ਨਾਲ ਗੱਲਬਾਤ ਕਰਨ ਤੋਂ ਮਹਿਸੂਸ ਹੁੰਦਾ ਹੈ ਕਿ ਸੰਨ ੧੯੬੧ ਤੋਂ ਬਾਅਦ ਭਾਈ ਮਹਿੰਦਰ ਸਿੰਘ ਐੱਸ.ਡੀ.ਓ. ਜਦੋਂ ਅਖੰਡ ਕੀਰਤਨੀ ਜਥੇ ਵਿਚ ਕੀਰਤਨ ਕਰਨ ਲੱਗੇ ਤਾਂ ਉਨ੍ਹਾਂ ਨੇ ਨਾਮ ਦੀ ਧੁਨੀ ਲਗਾਉਣ ਦਾ ਪ੍ਰਚਲਨ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਦੇਖਾ-ਦੇਖੀ ਇਹ ਰਵਾਇਤ ਬਹੁਤ ਤੇਜ਼ੀ ਨਾਲ ਪ੍ਰਚਲਿਤ ਹੋ ਗਈ ਅਤੇ ਫਿਰ ਸਾਰੇ ਕੀਰਤਨੀਏ ਸਿੰਘ ਹੀ ਕੀਰਤਨ ਦੌਰਾਨ ਧੁਨੀ ਲਗਾਉਣ ਲੱਗ ਪਏ। ਇਸ ਤਰ੍ਹਾਂ ਹੌਲੀ-ਹੌਲੀ ਜਥੇ ਅੰਦਰ ਅਖੰਡ ਕੀਰਤਨ ਦੌਰਾਨ ਗੁਰਮੰਤਰ ਦੀ ਧੁਨੀ ਲਗਾਉਣ ਦੀ ਪਰਪਾਟੀ ਪੈਂਦੀ ਗਈ। ਕੀਰਤਨ ਦੌਰਾਨ ਲੰਬਾ-ਲੰਬਾ ਸਮਾਂ ਨਾਮ ਦੀ ਧੁਨੀ ਲਗਾਉਣ ਕਾਰਨ, ਅਖੰਡ ਕੀਰਤਨ ਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਤੋਂ ਜਥੇ ਅੰਦਰ ਚੱਲੀ ਆ ਰਹੀ ਅਲੌਕਿਕ ਮਰਯਾਦਾ ਦਾ ਸਰੂਪ ਵਿਗੜਦਾ ਦੇਖਦਿਆਂ ਹੀ ਜੁਲਾਈ ੧੯੬੮ ਵਿਚ ਲੁਧਿਆਣਾ ਸਮਾਗਮ ਦੌਰਾਨ ਪੰਜ-ਪਿਆਰਿਆਂ ਨੇ (ਜਿਨ੍ਹਾਂ ਵਿਚ ਮਾਣਯੋਗ ਬਾਬੂ ਮੱਲ ਸਿੰਘ ਜੀ, ਕਰਨਲ ਦਲਜੀਤ ਸਿੰਘ ਜੀ, ਮਾਸਟਰ ਜਸਵੰਤ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਾਲੇ, ਬਾਪੂ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲੇ, ਮਾਸਟਰ ਭੁਪਿੰਦਰ ਸਿੰਘ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਡਾ. ਸੁਰਿੰਦਰ ਸਿੰਘ ਜੀ ਸ਼ਾਮਲ ਸਨ) ਜਥੇ ਦੇ ਕੀਰਤਨੀਆਂ ਨੂੰ ਇਕ ਹੁਕਮ ਜਾਰੀ ਕੀਤਾ ਸੀ ਕਿ, "ਕੀਰਤਨ ਵਿਚ ਗੁਰਸ਼ਬਦ (ਗੁਰਮੰਤ੍ਰ) ਦਾ ਅਲਾਪ ਥੋੜ੍ਹਾ ਕੀਤਾ ਜਾਵੇ।"

ਪਰ ਇਸ ਦੇ ਬਾਵਜੂਦ ਪਿਛਲੇ ਸਮੇਂ ਤੋਂ ਅਖੰਡ ਕੀਰਤਨੀ ਜਥੇ ਦੇ ਕੇਂਦਰੀ ਸਮਾਗਮਾਂ ਦੌਰਾਨ ਕੀਰਤਨ ਅਖਾੜੇ ਮਹਿਜ਼ ਸਟੇਜੀ ਪ੍ਰਦਰਸ਼ਨ ਬਣਦੇ ਜਾ ਰਹੇ ਹਨ। ਕੰਨ ਪਾੜੂ ਸਾਊਂਡ ਸਿਸਟਮ, ਵੀਡੀਓ ਰਿਕਾਰਡਿੰਗ ਕਰਨ ਵਾਲੇ ਕੈਮਰਿਆਂ ਦੀਆਂ ਤੇਜ਼ ਰੌਸ਼ਨੀਆਂ ਅਤੇ ਕੀਰਤਨ ਦੌਰਾਨ ਲੰਬਾ-ਲੰਬਾ ਸਮਾਂ ਤਬਲਿਆਂ ਦੀਆਂ ਚੋਟਾਂ 'ਤੇ ਖੁੱਲ੍ਹੇਆਮ ਉੱਚੀ- ਉੱਚੀ ਗੁਰਮੰਤਰ ਦੀ ਧੁਨੀ ਲਗਾਉਣ ਦੀ ਰਵਾਇਤ ਬੇਰੋਕ ਵਧਦੀ ਜਾ ਰਹੀ ਹੈ, ਜੋ ਕਿ ਅਖੰਡ ਕੀਰਤਨ ਸਮਾਗਮਾਂ ਦੇ ਪੁਰਾਤਨ ਵੇਲਿਆਂ ਵਾਲੇ ਕਲਾ-ਕ੍ਰਿਸ਼ਮੀ ਰੂਹਾਨੀ ਮਾਹੌਲ ਨੂੰ ਖ਼ਤਮ ਕਰ ਰਹੀ ਹੈ। ਇਹ ਰਵਾਇਤ ਇਕ ਗਲੈਮਰ ਵਾਂਗ ਹਰਮਨ-ਪਿਆਰੀ ਹੋ ਗਈ ਹੈ। ਸੰਗਤਾਂ ਵੀ ਇਹੀ ਸਮਝਣ ਲੱਗ ਪਈਆਂ ਹਨ ਕਿ ਗੁਰਮੰਤਰ ਦੀ ਧੁਨੀ ਲਗਾਉਣ ਤੋਂ ਬਗੈਰ ਅਖੰਡ ਕੀਰਤਨ ਹੀ ਨਹੀਂ ਹੁੰਦਾ। ਦੇਖਾ-ਦੇਖੀ ਇਸ ਤਰ੍ਹਾਂ ਕਰਕੇ ▪▪

# ਪੋਥੀ ਜਾਂ ਮੋਬਾਇਲ ਫ਼ੋਨ ਤੋਂ ਵੇਖ ਕੇ ਕੀਰਤਨ ਕਰਨਾ ਮਨਮਤਿ

ਗੁਰਬਾਣੀ ਦਾ ਪੜ੍ਹਨਾ ਤਾਂ ਪੋਥੀ ਉੱਪਰੋਂ ਵੇਖ ਕੇ ਜਾਇਜ਼ ਹੈ, ਪਰ ਕੀਰਤਨ ਗਾਉਣਾ ਜਾਂ ਗੁਰਬਾਣੀ ਮੋਬਾਇਲ ਫ਼ੋਨ ਜਾਂ ਪੋਥੀ ਸਾਹਿਬ ਤੋਂ ਵੇਖ ਕੇ ਗਾਉਣੀ ਨਹੀਂ ਹੈ। ਵੈਸੇ ਭੀ ਮੋਬਾਇਲ ਫ਼ੋਨ ਦੀ ਵਰਤੋਂ ਹਰ ਥਾਂ 'ਤੇ ਹੀ ਕੀਤੀ ਜਾ ਰਹੀ ਹੈ, ਜੰਗਲ-ਪਾਣੀ ਜਾਂਦਿਆਂ ਭੀ ਮੋਬਾਇਲ ਫ਼ੋਨ ਜੇਬ ਵਿਚ ਹੀ ਹੁੰਦੇ ਹਨ। ਇਸ ਕਰਕੇ ਇਸ ਸੁੱਚ ਰਹਿਤ ਵਸਤੂ ਦੀ ਵਰਤੋਂ ਗੁਰਬਾਣੀ ਗਾਉਣ ਵਾਸਤੇ ਜਾਂ ਪੜ੍ਹਨ ਵਾਸਤੇ ਦਰੁਸਤ ਨਹੀਂ ਹੈ। ਇਕ ਹੋਰ ਕਾਰਨ ਇਹ ਕਿ ਮੋਬਾਇਲ ਫ਼ੋਨ 'ਤੇ ਅਸੀਂ ਹੋਰ ਵੀ ਦੁਨੀਆਦਾਰੀ ਦੀਆਂ ਕਈ ਪ੍ਰਕਾਰ ਦੀਆਂ ਗੱਲਾਂ-ਬਾਤਾਂ ਕਰਦੇ ਹਾਂ ਅਤੇ ਇਸ ਨੂੰ ਅਨੇਕਾਂ ਵਿਅਕਤੀਆਂ ਦੇ ਹੱਥ ਵੀ ਲੱਗਦੇ ਹਨ। ਇਸ ਕਰਕੇ ਗੁਰਬਾਣੀ ਇਸ ਵਿਚੋਂ ਦੇਖ ਕੇ ਗਾਉਣੀ ਗੁਰਬਾਣੀ ਦਾ ਸਤਿਕਾਰ ਨਹੀਂ ਹੈ ਜੀ। ਗੰਭੀਰਤਾ ਨਾਲ ਸੋਚਣ ਤੋਂ ਬਿਨਾਂ ਇਹ ਸਾਡਾ ਕਰਮ ਹੀ ਐਸਾ ਹੈ, ਜਿਵੇਂ ਕਿ ਗੁਰਵਾਕ ਹੈ "ਮਤਿ ਥੋੜੀ ਸੇਵ ਗਵਾਈਐ ॥੧੦॥" (ਰਾਗੁ ਆਸਾ ਮਹਲਾ ੧, ਪੰਨਾ : ੪੬੮)

ਗੁਰੂ ਮਹਾਰਾਜ ਜੀ ਦਾ ਹੁਕਮ ਹੈ "**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥...॥੧॥ (ਸਲੋਕ ਮਹਲਾ ੧, ਪੰਨਾ : ੧੨੪੫)** ਹੋਰ ਹੁਕਮ ਹੈ "**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥...॥੨੩॥ (ਰਾਮਕਲੀ ਮਹਲਾ ੩ ਅਨੰਦੁ, ਪੰਨਾ : ੯੨੦)** (**ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥**) (**ਵਡਹੰਸੁ ਮਹਲਾ ੩,** ਪੰਨਾ : ੫੬੫)

ਪਿਆਰੇ ਵੀਰਨੋ ਕੀਰਤਨੀ ਸਿੰਘੋ ਅਤੇ ਭੈਣੋ! ਆਪ ਜੀ ਦੇ ਚਰਨਾਂ ਵਿਚ ਬੜੇ ਪਿਆਰ ਸਤਿਕਾਰ ਨਾਲ ਹੱਥ ਜੋੜ ਕੇ ਸਨਿਮਰ ਬੇਨਤੀ ਹੈ ਕਿ ਕੀਰਤਨ ਕਰਨ ਵਾਸਤੇ ਗੁਰਬਾਣੀ ਦੇ ਸ਼ਬਦ ਹਿਰਦੇ ਵਿਚ ਵਸਾਓ, ਫਿਰ ਉਨ੍ਹਾਂ ਹਿਰਦੇ ਵਿਚ ਵੱਸੇ ਸ਼ਬਦਾਂ ਦਾ ਕੀਰਤਨ ਕਰਕੇ ਵੇਖੋ ਕਿ ਸਾਡੇ ਮਨ-ਆਤਮਾ ਨੂੰ ਕੈਸਾ ਅਦਭੁਤ ਅਨੰਦ ਰਸ ਆਉਂਦਾ ਹੈ ਅਤੇ ਸੁਨਣਹਾਰੀ ਸੰਗਤਿ ਭੀ ਕਿਵੇਂ ਨਿਹਾਲੋ-ਨਿਹਾਲ ਹੁੰਦੀ ਹੈ ਜੀ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਪੁਰਾਤਨ ਸਿੰਘ ਗ੍ਰਿਹਸਥੀ ਸਿੰਘ, ਕਾਰੋਬਾਰੀ ਹੁੰਦੇ ਹੋਏ ਭੀ ਕੰਠ ਕੀਰਤਨ ਕਰਦੇ ਹੁੰਦੇ ਸਨ। ਕਈ ਸਿੰਘਾਂ ਦੇ ਤਾਂ ਇਤਨੀ ਬਾਣੀ ਕੰਠ ਹੁੰਦੀ ਸੀ ਕਿ ਸਾਰੀ ਰਾਤ ਇਕੱਲੇ ਹੀ ਕੀਰਤਨ ਕਰੀ ਜਾਂਦੇ ਸਨ। ਜੇ ਕਿਤੇ ਇਹੋ ਜਿਹਾ ਸਮਾਂ ਜਾਂ ਮੌਕਾ ਆ ਗਿਆ ਕਿ ਉਦੋਂ ਸਾਨੂੰ ਤਾਂ ਪੋਥੀਆਂ ਅਤੇ ਨਾ ਮੋਬਾਇਲ ਫ਼ੋਨ ਹੀ ਪ੍ਰਾਪਤ ਹੋਏ ਤਾਂ ਉੱਥੇ ਅਸੀਂ ਕੀਰਤਨ ਤੋਂ ਹੀ ਵਾਂਝੇ ਰਹਿ ਜਾਵਾਂਗੇ ਜੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਵਨ ਰਹਿਤਨਾਮਿਆਂ ਵਿਚ ਵੀ ਸਾਨੂੰ ਹੁਕਮ ਕਰ ਗਏ ਹਨ "ਦੁਹੂ ਗ੍ਰੰਥ ਮੈ ਬਾਣੀ ਜੋਈ॥ਚੁਨ ਚੁਨ ਕੰਠ ਕਰੇ ਨਿਤ ਸੋਈ॥" (ਰਹਿਤਨਾਮੇ ਭਾਈ ਦੇਸਾ ਸਿੰਘ ਜੀ) ਤਾਂ ਕੀ ਗੁਰਬਾਣੀ ਕੰਠ ਕਰਕੇ ਗਾਉਣੀ, ਸਾਡੇ ਲਈ ਸਤਿਗੁਰਾਂ ਦੇ ਹੁਕਮ ਨੂੰ ਕਮਾਉਣਾ ਜ਼ਰੂਰੀ ਨਹੀਂ ਹੈ ?

ਇਕ ਦੁਨਿਆਵੀ ਅਖਾਣ ਭੀ ਹੈ ਕਿ "ਪੈਸਾ ਗੰਠਿ ਤੇ ਬਾਣੀ ਕੰਠ" ਜੋ ਬਾਣੀ ਸਾਡੇ ਕੰਠ ਹੋਵੇਗੀ ਉਹੀ ਸਾਡੇ ਨਾਲ ਅੱਗੇ ਜਾਵੇਗੀ ਤੇ ਇਹ ਮੋਬਾਇਲ ਫ਼ੋਨਾਂ ਵਾਲੀ ਬਾਣੀ ਇੱਥੇ ਹੀ ਰਹਿ ਜਾਣੀ ਹੈ। ਇਸ ਕਰਕੇ ਇਸ ਪਿਉ-ਦਾਦੇ ਦੇ ਖ਼ਜ਼ਾਨੇ ਨੂੰ ਆਪਣੇ ਹਿਰਦੇ ਵਿਚ ਟਿਕਾ-ਵਸਾ ਲਈਏ ਜੀ। ਗੁਰਵਾਕ ਹੈ "**ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥" (ਆਸਾ ਮਹਲਾ ੫, ਪੰਨਾ : ੩੮੯)** ਸੋ ਨਾਮ ਬਾਣੀ ਤਾਂ ਹੀ ਸਾਡੇ ਨਾਲ ਜਾਵੇਗੀ ਜੇਕਰ ਸਾਡੇ ਮਨ-ਆਤਮਾ ਵਿਚ ਵੱਸੀ ਹੋਵੇਗੀ। ਹੋਰ ਗੁਰਵਾਕ ਹੈ "**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥" (ਬਿਲਾਵਲੁ ਮਹਲਾ ੩, ਪੰਨਾ** : ੭੯੭ ) ਇਸ ਕਰਕੇ ਇਸ ਗੁਰਬਾਣੀ ਰੂਪੀ ਅੰਮ੍ਰਿਤ ਦੀਆਂ ਚੁਲੀਆਂ ਹੀ ਨਾ ਕਰ ਛੱਡਿਆ ਕਰੀਏ, ਕੋਈ ਘੁੱਟ ਅੰਦਰਿ ਭੀ ਲੰਘਾਈਏ ਜੀ। ਤਾਂ ਹੀ ਇਸ ਅੰਮ੍ਰਿਤ ਔਸ਼ਧੀ ਦਾ ਅਸਰ ਸਾਡੇ ਜਨਮ ਜਨਮ ਦੇ ਪਾਪ ਕਮਾਤੇ ਹਉਮੈ ਰੋਗ ਨੂੰ ਕੱਟੇਗਾ ਜੀ। ਇਸ ਕਰਕੇ ਦੁਬਾਰਾ ਅਰਜੋਈ ਹੈ ਕਿ ਬੇਸ਼ੱਕ ਕੀਰਤਨ ਥੋੜ੍ਹੀ ਦੇਰ ਕਰ ਸਕੀਏ ਪਰ ਕਰੀਏ ਜ਼ਬਾਨੀ ਹੀ। ਤਾਂ ਹੀ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੋਣਗੀਆਂ ਜੀ। ਭੁੱਲਾਂ-ਚੁੱਕਾਂ ਦੀ ਖਿਮਾ ਕਰਨੀ ਜੀ।

## ਕਵਿਤਾ

# ਸ੍ਰੀ ਗੁਰੂ ਨਾਨਕ ਦੇਵ ਜੀ

ਇਹ ਰੰਗ ਬਿਰੰਗੀ ਦੁਨੀਆ ਰੰਗ ਮੰਚ ਹੈ ਸੱਚੇ ਪਰਵਰਦਗਾਰ ਦਾ।
ਜ਼ੱਰੇ ਜ਼ੱਰੇ ਵਿਚ ਹਰ ਥਾਂ ਵਸਦਾ ਕਿਹਾ ਕ੍ਰਿਸ਼ਮਾ ਹੈ ਨਿਰੰਕਾਰ ਦਾ।

ਮਨ ਫੁਟਬਾਲ ਦੀ ਨਿਆਂਈਂ ਵਿਚਰ ਰਿਹਾ ਹਉਮੈ ਦੇ ਪਰਿਵਾਰ 'ਚ
ਕੋਈ ਵਿਰਲਾ ਹੀ ਭਾਗਾਂ ਵਾਲਾ ਦਰ ਖੋਲਦਾ ਹੈ ਦਸਮ ਦੁਆਰ ਦਾ।

ਮਨ ਮਨੁੱਖ ਹਉਮੈ ਵਿਚ ਗ੍ਰਸਿਆ ਤਨ ਤਿੰਨਾਂ ਗੁਣਾਂ ਵਿਚ ਰਮਿਆ,
ਅਤਿਅੰਤ ਪਚੀਦਾ ਮਾਇਆਵੀ ਖੇਲ ਤਮਾਸ਼ਾ ਹੈ ਅਪਰ ਅਪਾਰ ਦਾ।

ਸਤਿਯੁਗ ਤ੍ਰੇਤਾ ਦੁਆਪਰ ਆਏ ਨਿਰੰਕਾਰ ਨੇ ਅਵਤਾਰ ਭਿਜਵਾਏ,
ਕਲਯੁਗ ਦੀ ਤੱਤੀ ਭੱਠੀ ਨੂੰ ਵੀ ਇੰਤਜ਼ਾਰ ਸੀ ਕਿਸੇ ਅਵਤਾਰ ਦਾ।

ਜੋ ਸੰਸਾਰ ਭਰ ਦੇ ਕਰੂਪ ਅਗਿਆਨ ਹਨੇਰੇ ਦਾ ਵਿਨਾਸ਼ ਕਰਦਾ,
ਹਰ ਥਾਂ ਗਿਆਨਮਈ ਦੁੱਧ ਚਿੱਟਾ ਚਾਨਣ ਹੀ ਚਾਨਣ ਪਸਾਰਦਾ।

ਬ੍ਰਾਹਮਣਵਾਦ ਨੇ ਹਿੰਦੂ ਧਰਮ ਨੂੰ ਅਤਿ ਗੁੰਝਲਦਾਰ ਸੀ ਬਣਾ ਦਿੱਤਾ,
ਕੌਣ ਜਟਿਲ ਗੁੰਝਲਾਂ ਸੁਲਝਾਂਦਾ ਮਾੜੇ ਗ਼ਮਗ਼ੀਨ ਹਾਲਾਤ ਸੁਧਾਰਦਾ।

ਵਿਸ਼ਵ ਭਰ ਉਤੇ ਕਲਯੁਗ ਅਪਣੇ ਪੂਰੇ ਜੋਬਨ ਵਿਚ ਮਦਮਸਤ ਸੀ,
ਲੋੜ ਸੀ ਕਿਸੇ ਦੀ ਆ ਕੇ ਮਾਇਆਵੀ ਘੁੰਮਣਘੇਰੀਆਂ ਨੂੰ ਪਛਾੜਦਾ।

ਔਰਤਾਂ ਨੂੰ ਮਾਣ ਦਿਲਵਾਂਦਾ ਉਨਾਂ ਦੇ ਹੱਕ ਵਿਚ ਆਵਾਜ਼ ਉਠਾਂਦਾ,
ਔਰਤ ਪ੍ਰਤੀ ਬਿਲਕੁਲ ਵੀ ਚੰਗਾ ਨਜ਼ਰੀਆ ਨਹੀਂ ਸੀ ਸੰਸਾਰ ਦਾ।

ਕੋਈ ਸੱਚਾ ਮਾਈ ਬਾਪ ਬਣ ਕੇ ਗੁਮਰਾਹਾਂ ਦੀ ਅਗਵਾਈ ਕਰਦਾ,
ਉਚ ਨੀਚ ਦਾ ਭਾਂਬੜ ਬੁਝਾਂਦਾ ਡੁੱਬੇ ਨੂੰ ਤਾਰਦਾ ਤੱਪੇ ਨੂੰ ਠਾਰਦਾ।

੧੪੬੯ ਨੂੰ ਰਾਇ ਭੋਇ ਦੀ ਤਲਵੰਡੀ ਵਿਚ ਸਤਿਗੁਰਾਂ ਨੇ ਪ੍ਰਗਟ ਹੋ,
ਨਾਮ ਧਰਾ ਕੇ ਗੁਰੂ ਨਾਨਕ ਬੀੜਾ ਚੁਕਿਆ ਸੰਸਾਰ ਦੇ ਉਧਾਰ ਦਾ।

ਧੰਨ ਵਡਭਾਗੀ ਦਾਈ ਜਿਸ ਸਭ ਤੋਂ ਪਹਿਲਾਂ ਨੂਰੀ ਜਲਾਲ ਡਿੱਠਾ,
ਚੌਤਰਫ਼ੀ ਚਾਨਣ ਹੋ ਗਿਆ ਵੇਖਣ ਯੋਗ ਜਲਵਾ ਸੀ ਚਮਤਕਾਰ ਦਾ।

ਚਮਤਕਾਰੀ ਸਤਿਗੁਰਾਂ ਨੇ ਸੁਤੇ ਸਿੱਧ ਹੀ ਕੀਤੇ ਅਨੇਕਾਂ ਚਮਤਕਾਰ,
ਗੁਪਾਲ ਦਾਸ ਬ੍ਰਿਜਲਾਲ ਤੇ ਕੁਤਬਦੀਨ ਨੂੰ ਪੜਾਇਆ ਪਾਠ ਸੱਚ ਦਾ।

ਦਸ ਸਾਲ ਦੇ ਹੋਏ ਪਿਤਾ ਨੇ ਜਨੇਊ ਦੀ ਰਸਮ ਦਾ ਪ੍ਰਬੰਧ ਰਚਾਇਆ,
ਜਨੇਊ ਪਾਣ ਤੋਂ ਮੁਨਕਰ ਹੋ ਗਏ ਜੋ ਹਿੱਸਾ ਸੀ ਹਿੰਦੂ ਸੰਸਕਾਰ ਦਾ।

ਪੰਡਿਤ ਹਰਦਿਆਲ ਪਾਸ ਠੋਸ ਜਵਾਬ ਨਹੀਂ ਸੀ ਆਪ ਦੇ ਪ੍ਰਸ਼ਨਾਂ ਦਾ,
ਆਪ ਪਾਸ ਸੱਚਾ ਤੇ ਤਸੱਲੀਬਖ਼ਸ਼ ਜਵਾਬ ਸੀ ਅਪਣੇ ਇਨਕਾਰ ਦਾ।

ਅਣਵਿਆਹੀ ਲੜਕੀ ਅਤੇ ਸ਼ੂਦਰ ਵੀ ਜੇ ਕਰ ਨਹੀਂ ਪਾ ਸਕਦੇ ਜਨੇਊ,
ਅਜਿਹਾ ਕੱਚਾ ਤੇ ਝੂਠਾ ਧਾਗਾ ਖੱਤਰੀ ਲਈ ਵੀ ਨਹੀਂ ਕਿਸੇ ਕਾਰ ਦਾ।

ਇਵੇਂ ਸੀ ਪਾਤਸ਼ਾਹਾਂ ਦੇ ਪਾਤਸ਼ਾਹ ਨੇ ਸਿੱਖ ਧਰਮ ਦਾ ਮੁਢ ਬੰਨਿਆ,
ਜੋ ਸਰਬ ਸ੍ਰੇਸ਼ਟ ਸਭ ਤੋਂ ਵੱਖਰਾ ਤੇ ਲਿਖਾਇਕ ਹੈ ਸੱਚੇ ਕਿਰਦਾਰ ਦਾ।

ਪਿਤਾ ਦਾ ਹੁਕਮ ਮੰਨ ਮੱਝਾਂ ਚਰਾਉਣ ਗਏ ਜਦ ਗੂੜੀ ਨੀਂਦ ਸੌਂ ਗਏ,
ਫ਼ਨੀਅਰ ਸੱਪ ਨੇ ਆ ਛਾਂ ਕੀਤੀ ਜੋ ਕਦੀ ਫ਼ੂੰਕਾਰੇ ਸੀ ਪਿਆ ਮਾਰਦਾ।

ਰਾਮ ਭਗਤ ਨੇ ਖੇਤ ਉਜੜਿਆ ਵੇਖ ਸ਼ੋਰ ਪਾਇਆ ਸ਼ਿਕਾਇਤ ਕੀਤੀ,
ਮਗਰੋਂ ਖੇਤ ਹਰਾ ਭਰਾ ਵੇਖਿਆ ਤਾਂ ਸਿਰ ਝੁਕ ਗਿਆ ਸ਼ਰਮਸਾਰ ਦਾ।

੨੦ ਰੁਪਈਏ ਦੇ ਪਿਤਾ ਨੇ ਮੁਨਾਫ਼ੇ ਦਾ ਵਿਉਪਾਰ ਕਰਨ ਲਈ ਭੇਜਿਆ,
ਲੋੜਵੰਦਾਂ ਨੂੰ ਭੋਜਨ ਛਕਾ ਕੇ ਸੌਦਾ ਸੀ ਕਰ ਲਿਆ ਖਰੇ ਵਿਉਪਾਰ ਦਾ।

ਇੰਝ ਗੁਰੂ ਕੇ ਲੰਗਰ ਦੀ ਪ੍ਰਥਾ ਦਾ ਆਰੰਭ ਸੀ ਹੋਇਆ ਆਪ ਦਵਾਰਾ,
ਗੁਰੂ ਦੀ ਇਹ ਬੇਮਿਸਾਲ ਦੇਣ ਅੱਜ ਤੱਕ ਹਿੱਸਾ ਹੈ ਗੁਰ ਪਰਿਵਾਰ ਦਾ।

ਬੇਬੇ ਨਾਨਕੀ ਅਤੇ ਰਾਇ ਬੁਲਾਰ ਦੋਵੇਂ ਦਿਲੋਂ ਆਪ ਜੀ ਦੇ ਭਗਤ ਸਨ,
ਦੋਹਾਂ ਦੇ ਅੰਦਰ ਵਖਰੀ ਤਰਾਂ ਦਾ ਜਜ਼ਬਾ ਸੀ ਆਪ ਲਈ ਪਿਆਰ ਦਾ।

ਸੁਲਤਾਨਪੁਰ ਦੀ ਨਦੀ ਵਿਚ ਤਿੰਨ ਦਿਨਾਂ ਲਈ ਅਲੋਪ ਹੋਣ ਮਗਰੋਂ,
ਬਾਹਰ ਆਉਣ ਤੇ ਲੋਕਾਈ ਨੂੰ ਜਾਪ ਕਰਾਇਆ ਇਕ ਓਅੰਕਾਰ ਦਾ।

ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਜੀਅ ਜਾਨ ਦੇ ਨਾਲ ਕੰਮ ਕੀਤਾ,
ਤੇਰਾ ਤੇਰਾ ਕਹਿ ਅਨਾਜ ਵੰਡ ਦਿੱਤਾ ਚੇਤਾ ਨ ਰਿਹਾ ਦੁਨੀਆਦਾਰ ਦਾ।

ਹਿਸਾਬ ਕਰਨ ਤੇ ਨਿਕਲਿਆ ਬਕਾਇਆ ਦੌਲਤ ਖਾਂ ਵੱਲ ਆਪ ਦਾ,
ਹੈਰਾਨ ਰਹਿ ਗਿਆ ਨਵਾਬ ਖਾਂਨ ਅਜੀਬ ਦ੍ਰਿਸ਼ ਦੇਖ ਚਮਤਕਾਰ ਦਾ।

ਗੁਮਰਾਹ ਹੋਈ ਲੁਕਾਈ ਨੂੰ ਤਾਰਨ ਖ਼ਾਤਿਰ ਘਰ ਬਾਰ ਪਿਛੇ ਛੱਡ ਕੇ,
ਚਾਰ ਉਦਾਸੀਆਂ ਰਾਹੀਂ ਉਧਾਰ ਕੀਤਾ ਸਾਰੇ ਹੀ ਪੀੜਤ ਸੰਸਾਰ ਦਾ।

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ਗੂੜੇ ਮਿਤਰ ਸਨ,
ਹਿੰਦੂ ਮੁਸਲਿਮ ਵਿਚ ਰੱਤਾ ਵੀ ਭੇਦ ਨਹੀਂ ਕੀਤਾ ਕਿਸੇ ਪ੍ਰਕਾਰ ਦਾ।

ਪਹਿਲੀ ਉਦਾਸੀ ਵਿੱਚ ਪਛਾੜ ਦਿੱਤਾ ਹੰਕਾਰ ਸੇਠ ਮਲਕ ਭਾਗੋ ਦਾ,
ਫੇਰ ਤਾਰਣਹਾਰ ਨੇ ਤਾਰਿਆ ਸੱਜਣ ਠਗ ਜੋ ਠਗੀਆਂ ਸੀ ਮਾਰਦਾ।

ਹਰਿਦਵਾਰ ਵਿਖੇ ਹਿੰਦੂਆਂ ਨੂੰ ਸੂਰਜ ਵਲ ਪਾਣੀ ਦੇਂਦਿਆਂ ਵੇਖਿਆ,
ਪਛਮ ਵੱਲ ਨੂੰ ਪਾਣੀ ਦੇ ਪਰਦਾ ਫ਼ਾਸ਼ ਕੀਤਾ ਭਰਮਾਂ ਦੇ ਭੰਡਾਰ ਦਾ।

ਗੋਰਖ ਮਤੇ ਵਿਖੇ ਭੇਖੀ ਪਖੰਡੀ ਅਡੰਬਰੀ ਸਿੱਧਾਂ ਨਾਲ ਗੋਸ਼ਟ ਕੀਤੀ,
ਧੰਨ ਜਗਨਨਾਥਪੁਰੀ ਜਿਸ ਡਿੱਠਾ ਬਾਬਾ ਰੱਬੀ ਆਰਤੀ ਉਚਾਰਦਾ।

ਦੂਜੀ ਉਦਾਸੀ ਵਿਚ ਭਿਅੰਕਰ ਜੰਗਲੀ ਕੌਡੇ ਰਾਖਸ਼ ਦਾ ਉਧਾਰ ਕੀਤਾ,
ਜੰਗਲ ਵਿਚ ਬੈਠਾ ਮਾਸ ਭੁੰਨ ਖਾਂਦਾ ਸੀ ਇਨਸਾਨਾਂ ਦੇ ਪਰਿਵਾਰ ਦਾ।

ਬੇਅੰਤ ਹੀ ਭੁਲੇ ਭਟਕਿਆਂ ਤੇ ਕੁਰਾਹੀਆਂ ਨੂੰ ਸਿੱਧੇ ਰਾਹ ਪਾਇਆ,
ਘਰ ਘਰ ਜਾ ਕੇ ਬੂਹਾ ਖੜਕਾ ਕੇ ਰਿਹਾ ਬਾਬਾ ਸਭਨਾਂ ਨੂੰ ਤਾਰਦਾ।

ਤੀਜੀ ਉਦਾਸੀ ਵਿਚ ਕੈਲਾਸ਼ ਪਰਬਤ ਉਤੇ ਨਾਥਾਂ ਨਾਲ ਗੋਸ਼ਟੀ ਕੀਤੀ,
ਇਕ ਵੀ ਨਹੀਂ ਸੀ ਚਲਿਆ ਜਾਦੂਈ ਤੀਰ ਭੰਗਰਨਾਥ ਦੇ ਵਾਰ ਦਾ।

ਇਥੇ ਹੀ ਆਪ ਜੀ ਨੇ ਸ਼ਬਦ ਨੂੰ ਗੁਰੂ ਤੇ ਸੁਰਤ ਨੂੰ ਚੇਲਾ ਵਖਾਣਿਆ,
ਗੁਰਾਂ ਸੱਚੇ ਸ਼ਬਦ ਨੂੰ ਗੁਰੂ ਵਾਲਾ ਉੱਚਾ ਦਰਜਾ ਦਿੱਤਾ ਸਤਿਕਾਰ ਦਾ।

ਜ਼ੁਲਮੀਆਂ ਨੂੰ ਜ਼ੁਲਮ ਕਰਨੋਂ ਰੋਕਿਆ ਭੇਖੀਆਂ ਨੂੰ ਭੇਖਾਂ ਤੋਂ ਵਰਜਿਆ।
ਕਰਾਮਾਤ ਵਿਖਾਂਦੇ ਦੀ ਡੰਡ ਲਾਹੀ ਪ੍ਰਯੋਗ ਕਰ ਗਿਆਨ ਹਥਿਆਰ ਦਾ।

ਕਸ਼ਮੀਰ ਦੇ ਬ੍ਰਹਮਦਾਸ ਬਾਮਣ ਉਤੇ ਵੀ ਮਿਹਰ ਭਰੀ ਨਜ਼ਰ ਟਿਕਾਈ,
ਮਿਠਾਸ ਹਲੀਮੀ ਨਿਮਰਤਾ ਸਿਖਾਈ ਅਤੇ ਤੋੜਿਆ ਭਰਮ ਹੰਕਾਰ ਦਾ।

ਚੌਥੀ ਉਦਾਸੀ ਵਿਚ ਜਦ ਆਪ ਜੀ ਇਸਲਾਮੀ ਸ਼ਹਿਰ ਬਗਦਾਦ ਪਹੁੰਚੇ,
ਵਹਿਮਾਂ ਭਰਮਾਂ ਦਾ ਨਾਸ਼ ਕੀਤਾ ਡੰਕਾ ਵਜਾਇਆ ਸੱਚ ਦੇ ਪ੍ਰਚਾਰ ਦਾ।

ਪੀਰ ਦਸਤਗੀਰ ਦੇ ਪੁੱਤ ਨੂੰ ਛਿਨ ਦੇ ਵਿੱਚ ਲੱਖਾਂ ਬ੍ਰਹਿਮੰਡ ਵਿਖਾ ਦਿੱਤੇ,
ਧੰਨ ਸਨ ਜਿਨਾਂ ਦੇ ਰਿਹਾ ਬਾਬਾ ਭਰਮ ਭੁਲਾਵੇ ਤੋੜਦਾ ਸ਼ੰਕੇ ਨਿਵਾਰਦਾ।

ਜਿਥੇ ਸਾਜ ਨੂੰ ਚੰਚਲ ਤਰੰਗਾਂ ਦਾ ਦਾਤਾ ਜਾਣ ਮਨਾਹੀ ਸੀ ਵਜਾਣ ਦੀ,
ਉਥੇ ਸਤਿਨਾਮ ਵਾਹਿਗੁਰੂ ਦੀ ਧੁੰਨ ਚਲਾਈ ਵਜਾ ਕੇ ਸਾਜ ਰਬਾਬ ਦਾ।

ਅਲਾਹ ਕੇਵਲ ਪੱਛਮ ਵਿਚ ਹੀ ਨਹੀਂ ਉਹ ਤਾਂ ਹਰ ਥਾਂ ਵਿਆਪਕ ਹੈ,
ਲੇਟ ਮੱਕੇ ਵਲ ਪੈਰਾਂ ਨੂੰ ਪਸਾਰ ਭਰਮ ਮੇਟਿਆ ਉਰਵਾਰ ਤੇ ਪਾਰ ਦਾ ।

ਕਈ ਦੇਸ਼ਾਂ ਤੋਂ ਵਿਚਰਦੇ ਭਾਈ ਲਾਲੋ ਨੂੰ ਮਿਲੇ ਤੇ ਬਾਬਰ ਦੇ ਕੈਦੀ ਹੋਏ,
ਚੁੱਪ ਚਾਪ ਬੈਠਾ ਬਾਬਾ ਨਾਨਕ ਕਿਵੇਂ ਦੀਨ ਦੁਖੀ ਦਾ ਕਸ਼ਟ ਸਹਾਰਦਾ।

ਇਬਰਾਹੀਮ ਲੋਧੀ ਨੂੰ ਹਰਾ ਕੇ ਬਾਬਰ ਹਿੰਦ ਉਤੇ ਕਾਬਜ਼ ਸੀ ਹੋ ਗਿਆ,
ਯਮਦੂਤਾਂ ਦੇ ਵਸ ਪੈ ਚੁਕੀ ਸੀ ਲੋਕਾਈ ਮਾੜਾ ਹਾਲ ਸੀ ਸਰਕਾਰ ਦਾ।

ਹਿੰਦੂ ਧਰਮ ਛੂਆ ਛਾਤ ਵਿਚ ਗਲਤਾਨ ਸੀ ਜਦ ਸੀ ਬਾਬਰ ਆਇਆ,
ਰੱਬ ਕਲਾ ਧਾਰ ਕੇ ਪਹਿਲਾਂ ਸੀ ਆ ਗਿਆ ਵੇਖੋ ਭਾਣਾ ਕਰਤਾਰ ਦਾ।

ਮੁਗ਼ਲ ਬਾਦਸ਼ਾਹ ਬਾਬਰ ਆਇਆ ਭਾਰਤ ਲਈ ਨਰਕ ਲਿਆਇਆ,
ਕੋਈ ਮਰ ਰਿਹਾ ਕੋਈ ਜ਼ਿੰਦਾ ਸੜ ਰਿਹਾ ਸੀ ਚੀਕ ਚਿਹਾੜੇ ਮਾਰਦਾ।

ਖੇਰੂੰ ਖੇਰੂੰ ਹੋ ਚੁਕੇ ਹਿੰਦੂ ਧਰਮ ਉਤੇ ਮੁਗ਼ਲ ਹਕੂਮਤ ਹਾਵੀ ਹੋ ਗਈ,
ਬੜਾ ਮਾੜਾ ਹਾਲ ਸੀ ਹਿੰਦੂਆਂ ਵਿਚਲੀ ਛੂਆ ਛਾਤ ਦੀ ਭਰਮਾਰ ਦਾ।

ਹਕੂਮਤ ਦੇ ਮਾਣ ਨੇ ਇਸਲਾਮ ਨੂੰ ਵਧੇਰੇ ਹੀ ਜਨੂੰਨੀ ਸੀ ਬਣਾ ਦਿੱਤਾ,
ਕਿਸਦੀ ਮਜਾਲ ਜੋ ਤਾਨਾਂਸ਼ਾਹੀ ਮੁਗ਼ਲ ਰਾਜਸੀ ਤਾਕਤ ਨੂੰ ਵੰਗਾਰਦਾ।

ਮੂਰਖ ਅੰਨੇ ਬਾਬਰ ਜ਼ਾਬਰ ਨੇ ਜਦ ਪਰਮ ਪੁਰਖ ਤੋਂ ਚੱਕੀ ਪਿਸਵਾਈ,
ਵੇਖਣਯੋਗ ਵਰਤਿਆ ਰੱਬੀ ਭਾਣਾਂ ਮਸਲਾ ਨਹੀਂ ਸੀ ਜਿੱਤ ਹਾਰ ਦਾ।

ਚਿਰਾਂ ਤੋਂ ਚੱਕੀ ਪੀਸ ਰਹੇ ਕੈਦੀਆਂ ਦੀ ਤਾਂ ਰੱਬ ਨੇ ਪੁਕਾਰ ਸੁਣ ਲਈ,
ਚੱਕੀਆਂ ਆਪੇ ਚੱਲਣ ਲੱਗੀਆਂ ਜਿਉਂ ਜਿਉਂ ਬਾਬਾ ਬਾਣੀ ਉਚਾਰਦਾ।

ਮਰਦਾਨੇ ਨੂੰ ਪਾਣੀ ਦੇਣ ਦੀ ਥਾਂ ਪੀਰ ਵਲੀ ਨੇ ਪਹਾੜ ਜਦ ਰੋੜਿਆ,
ਪੰਜੇ ਨਾਲ ਰੋਕ ਕੇ ਪਹਾੜ ਬਾਬੇ ਨੇ ਮਾਣ ਤੋੜਿਆ ਵਲੀ ਕੰਧਾਰ ਦਾ।

ਪਹਾੜ ਵਿਚ ਧੁਰ ਅੰਦਰ ਤੱਕ ਖੁਭ ਗਏ ਬਾਬੇ ਦੇ ਪੰਜੇ ਦੇ ਨਿਸ਼ਾਨ,
ਅਜ ਵੀ ਸ਼ਰਧਾਲੂ ਵੇਖਣ ਜਾਂਦੇ ਹਨ ਇਕੱਠ ਹੁੰਦੈ ਕਈ ਹਜ਼ਾਰ ਦਾ।

ਆਪਣੇ ਗੁਰੂ ਤੋਂ ਨਿਛਾਵਰ ਆਪਣਾ ਆਪ ਭਾਂਵੇਂ ਲੱਖਵਾਰ ਕਰੀਏ,
ਨਹੀਂ ਦੇ ਸਕਦਾ ਕੋਈ ਦੇਣਾ ਪੂਰਨ ਸਤਿਗੁਰੂ ਦੇ ਨਿੱਘੇ ਪਿਆਰ ਦਾ।

ਉਸ ਮਨੁੱਖ ਦੇ ਸੁਤੇ ਭਾਗ ਜਾਗੇ ਉਹ ਨਿਰਮਲ ਉਜਵਲ ਹੋ ਗਿਆ,
ਜਿਸ ਤੇ ਵਾਰ ਹੋਇਆ ਗੁਰਾਂ ਦੀ ਮਿਹਰ ਭਰੀ ਨਜ਼ਰ ਤਲਵਾਰ ਦਾ।

ਜ਼ੁਲਮੀਆਂ ਜਨੂੰਨੀਆਂ ਨੂੰ ਸੱਚ ਦੇ ਉਪਦੇਸ਼ ਨਾਲ ਕ੍ਰਿਤਾਰਥ ਕੀਤਾ,
ਬਾਬਰ ਵੀ ਚਰਨਾਂ ਵਿਚ ਡਿਗਾ ਨੇੜੇ ਆ ਗਿਆ ਸਮਾਂ ਸੁਧਾਰ ਦਾ।

ਐਸੇ ਸੱਚੇ ਗੁਰਾਂ ਦੇ ਮੁੱਖ ਤੋਂ ਉਚਾਰੀ ਬਾਣੀ ਹਿਰਦੇ ਵਿਚ ਵਸਾ ਕੇ,
ਗਰਭ ਅੰਦਰ ਰੱਬ ਨਾਲ ਕੀਤਾ ਵਚਨ ਨਿਭਾਈਏ ਕੌਲ ਕਰਾਰ ਦਾ।

ਚਾਰ ਉਦਾਸੀਆਂ ਮਗਰੋਂ ਸਤਿਗੁਰਾਂ ਕਰਤਾਰਪੁਰ ਜਾ ਟਿਕਾਣਾ ਕੀਤਾ,
ਪਰਿਵਾਰ ਵੀ ਉਥੇ ਹੀ ਸਦਾ ਲਿਆ ਸਮਾਂ ਬੀਤਿਆ ਇੰਤਜ਼ਾਰ ਦਾ।

ਗੁਰਬਾਣੀ ਤੋਂ ਪ੍ਰੇਰਿਤ ਹੋ ਕੇ ਲਹਿਣਾ ਜੀ ਇਸੇ ਥਾਂ ਸੀ ਆਪ ਨੂੰ ਮਿਲੇ,
ਅੰਗ ਲਗਾ ਕੇ ਅੰਗਦ ਕੀਤਾ ਗੁਰਗੱਦੀ ਸੌਂਪੀ ਦਿੱਤਾ ਹੱਕ ਹਕਦਾਰ ਦਾ।

ਧੰਨ ਲੋਕਾਈ ਜਿਸ ਸੁਲੱਖਣੀ ਜੀ ਨੂੰ ਵਿਆਹੁਣ ਆਇਆ ਬਾਬਾ ਡਿੱਠਾ,
ਬਟਾਲੇ ਦੀ ਕੱਚੀ ਮਿੱਟੀ ਦੀ ਕੰਧ ਹੇਠਾਂ ਬੈਠਾ ਅਚਰਜ ਰੂਪ ਅਕਾਲ ਦਾ।

ਜੁਗੋ ਜੁਗ ਅਟੱਲ ਰਹੇਗੀ ਇਹ ਕੰਧ ਗੁਰਾਂ ਨੇ ਸੀ ਬਚਨ ਫ਼ਰਮਾਇਆ,
ਅਜ ਵੀ ਸਤਿਕਾਰ ਨਾਲ ਸੰਗਤਾਂ ਦਰਸ਼ਨ ਕਰਦੀਆਂ ਉਸ ਦੀਵਾਰ ਦਾ।

ਸ਼੍ਰੀ ਚੰਦ ਅਤੇ ਲੱਖਮੀ ਦਾਸ ਜੀ ਆਪ ਜੀ ਦੇ ਦੋ ਫ਼ਰਜ਼ੰਦ ਸਨ, ਪਰ
ਗੁਰਤਾਗੱਦੀ ਲਹਿਣਾ ਜੀ ਨੂੰ ਦੇ ਕੇ ਫ਼ਰਜ ਨਿਭਾਇਆ ਜ਼ਿੰਮੇਵਾਰ ਦਾ।

ਆਪ ਜੀ ਨੇ ੧੯ ਰਾਗਾਂ ਵਿਚ ੯੭੪ ਸ਼ਬਦਾਂ ਦੀ ਅਦੁੱਤੀ ਰਚਨਾ ਕੀਤੀ,
ਸਾਰੇ ਹੀ ਰਾਗ ਸ੍ਰੇਸ਼ਟ ਹਨ ਗੂੜਾ ਰੰਗ ਨਿਖਰਿਆ ਰਾਗ ਮਲਹਾਰ ਦਾ।

ਐਸੇ ਨਿਰੰਕਾਰ ਸਰੂਪ ਸੱਚੇ ਪਾਤਸ਼ਾਹ ਤੋਂ ਵਾਰੀ ਬਲਿਹਾਰੀ ਜਾਈਏ,
ਜਿਨਾਂ ਅਨੋਖਾ ਧਰਮ ਚਲਾਇਆ ਬਦਲਿਆ ਇਤਿਹਾਸ ਸੰਸਾਰ ਦਾ।

ਧੰਨ ਹਨ ਉਹ ਗੁਰੂ ਪਿਆਰੇ ਜਿਨਾਂ ਦੇ ਗੁਰੂ ਪ੍ਰਤੀ ਅਥਾਹ ਪ੍ਰੇਮ ਨੇ,
ਗੁਰਬਾਣੀ ’ਚੋਂ ਡੂੰਘਾ ਅਨੰਦ ਮਾਣਿਆ ਆਪ ਦੇ ਦਰਸ਼ਨ ਦੀਦਾਰ ਦਾ।

ਆਓ ਸਾਰੇ ਰਲ ਮਿਲ ਕੇ ਧੰਨ ਧੰਨ ਗੁਰੂ ਨਾਨਕ ਦੇਵ ਜੀ ਕਹੀਏ।
ਵਚਨਬੱਧ ਹੋ ਕੇ ਅਨਮੋਲ ਜੀਵਨ ਨੂੰ ਗੁਰੂ ਸਾਹਿਬ ਦੇ ਲੇਖੇ ਲਾਈਏ।
ਥੋੜਾ ਕਹੀਏ ਥੋੜਾ ਸੌਂਈਏ ਖਾਈਏ ਚੰਗੀ ਜੀਵਨ ਜੁਗਤ ਬਣਾਈਏ।
ਹਰ ਕਦਮ ਗੁਰੂ ਤੋਂ ਪੁੱਛ ਕੇ ਚੱਲੀਏ, ਹਰ ਦਮ ਮਨ ਨੂੰ ਸਮਝਾਈਏ।
ਗੁਰੂ ਮੰਤਰ ਦਾ ਉਚਾਰਣ ਕਰੀਏ, ਗੁਰਬਾਣੀ ਹਿਰਦੇ ਵਿੱਚ ਵਸਾਈਏ।
ਗੁਰੂ ਉਪਦੇਸ਼ ਨੂੰ ਘੁੱਟ ਕੇ ਪੱਲੇ ਬੰਨੀਏ ਨਾਨਕ ਲੇਵਾ ਨਾਮ ਧਰਾਈਏ।

**-ਗੁਰਜੀਤ ਕੌਰ**

Postal Registration No.CHD/0178/2015-2017



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ

(ਰਾਇ ਭੋਇ ਦੀ ਤਲਵੰਡੀ, ਪਾਕਿਸਤਾਨ),

ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ ।

Registered with Registrar of News Paper for India Under No : PUNPUN/2015/61118